ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

# Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਐਤਵਾਰ, 7 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੨੪ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 23 ਜੁਲਾਈ ਨੂੰ ਬਜਟ ਪੇਸ਼ ਕਰੇਗੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ , ਸੰਸਦ ਸੈਸ਼ਨ ਦੀਆਂ ਤਰੀਕਾਂ ਦਾ ਐਲਾਨ



ਨਵੀਂ ਦਿੱਲੀ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਦੇਸ਼ 'ਚ 18ਵੀਂ ਲੋਕ ਸਭਾ ਦੇ ਗਠਨ ਤੋਂ ਬਾਅਦ ਹੁਣ ਮੋਦੀ ਸਰਕਾਰ ਆਪਣੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਪੇਸ਼ ਕਰਨ ਜਾ ਰਹੀ ਹੈ। ਕੇਂਦਰੀ ਬਜਟ 2024 ਦੀਆਂ ਤਰੀਕਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ 23 ਜੁਲਾਈ ਨੂੰ ਸੰਸਦ ਵਿੱਚ ਬਜਟ ਪੇਸ਼ ਕਰੇਗੀ। ਦਰਅਸਲ, 18ਵੀਂ ਲੋਕ ਸਭਾ ਦਾ ਪਹਿਲਾ ਸੈਸ਼ਨ ਖਤਮ ਹੋ ਗਿਆ ਹੈ। ਇਸ ਵਿੱਚ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੇ ਸਹੁੰ ਚੁੱਕੀ ਹੈ ਅਤੇ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਮੀਟਿੰਗ ਹੋਈ ਸੀ, ਜਿਸ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੰਬੋਧਨ ਕੀਤਾ ਸੀ। ਹੁਣ ਸਭ ਬਾਕੀ ਸਫ਼ਾ-2 'ਤੇ

## ਚਮੋਲੀ 'ਚ ਜ਼ਮੀਨ ਖਿਸਕਣ ਨਾਲ ਹੈਦਰਾਬਾਦ ਦੇ 2 ਸ਼ਰਧਾਲੂਆਂ ਦੀ ਮੌਤ

ਦੇਹਰਾਦੂਨ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਉਤਰਾਖੰਡ ਦੇ ਚਮੋਲੀ ਜ਼ਿਲ੍ਹੇ 'ਚ ਸਨਿਚਰਵਾਰ ਨੂੰ ਜ਼ਮੀਨ ਖਿਸਕਣ ਤੋਂ ਬਾਅਦ ਪਹਾੜੀ ਤੋਂ ਪੱਥਰ ਡਿੱਗਣ ਨਾਲ ਹੈਦਰਾਬਾਦ ਦੇ ਦੋ ਸ਼ਰਧਾਲੂਆਂ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿਤੀ । ਪੁਲਿਸ ਨੇ ਦਸਿਆ ਕਿ ਇਹ ਘਟਨਾ ਬਦਰੀਨਾਥ ਕੌਮੀ ਰਾਜਮਾਰਗ 'ਤੇ ਗੌਚਰ ਅਤੇ ਕਰਨਪ੍ਰਯਾਗ ਦੇ ਵਿਚਕਾਰ ਚਟਵਾਪੀਪਲ ਨੇੜੇ ਵਾਪਰੀ। ਮ੍ਰਿਤਕਾਂ ਦੀ ਪਛਾਣ ਨਿਰਮਲ ਸ਼ਾਹੀ (36) ਅਤੇ ਸੱਤਿਆ ਨਾਰਾਇਣ (50) ਵਜੋਂ ਹੋਈ ਹੈ। ਜਦੋਂ ਇਹ ਘਟਨਾ ਵਾਪਰੀ ਤਾਂ ਉਹ ਬਦਰੀਨਾਥ ਤੋਂ ਮੋਟਰਸਾਈਕਲ 'ਤੇ ਵਾਪਸ ਆ ਰਹੇ ਸਨ। ਪੁਲਿਸ ਅਧਿਕਾਰੀਆਂ ਨੇ ਦਸਿਆ ਕਿ ਮਲਬੇ 'ਚੋਂ ਉਨ੍ਹਾਂ ਦੀਆਂ ਲਾਸ਼ਾਂ ਬਾਹਰ ਕਢ ਲਈਆਂ ਗਈਆਂ ਹਨ। ਉਤਰਾਖੰਡ 'ਚ ਪਿਛਲੇ ਕੁੱਝ ਦਿਨਾਂ ਤੋਂ ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਨਾਲ ਬਦਰੀਨਾਥ ਨੈਸ਼ਨਲ ਹਾਈਵੇ ਅੱਧੀ ਦਰਜਨ ਤੋਂ ਵੱਧ ਥਾਵਾਂ 'ਤੇ ਬੰਦ ਹੈ। ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਅਤੇ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (ਬੀ.ਆਰ.ਓ.) ਦੇ ਕਰਮਚਾਰੀ ਸੜਕ ਨੂੰ ਸਾਫ ਕਰਨ ਅਤੇ ਆਵਾਜਾਈ ਬਹਾਲ ਕਰਨ ਵਿਚ ਲੱਗੇ ਹੋਏ ਹਨ। ਜ਼ਮੀਨ ਖਿਸਕਣ ਕਾਰਨ ਰੁਦਰਪ੍ਰਯਾਗ-ਕੇਦਾਰਨਾਥ ਨੈਸ਼ਨਲ ਹਾਈਵੇ ਵੀ ਬੰਦ ਹੋ ਗਿਆ ਹੈ।

## ਬਿਹਾਰ 'ਚ ਬਿਜਲੀ ਡਿੱਗਣ ਨਾਲ 9 ਲੋਕਾਂ ਦੀ ਮੌਤ

ਪਟਨਾ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਬਿਹਾਰ ਦੇ 6 ਜ਼ਿਲ੍ਹਿਆਂ 'ਚ ਪਿਛਲੇ 24 ਘੰਟਿਆਂ 'ਚ ਬਿਜਲੀ ਡਿੱਗਣ ਨਾਲ 9 ਲੋਕਾਂ ਦੀ ਮੌਤ ਹੋ ਗਈ। ਮੁੱਖ ਮੰਤਰੀ ਦਫ਼ਤਰ ਨੇ ਇਹ ਬਾਕੀ ਸਫ਼ਾ-2 'ਤੇ




## ਚੋਣਾਂ ਤੋਂ ਪਹਿਲਾਂ ਹੋ ਗਈ ਭਵਿੱਖਬਾਣੀ

# ਤੀਜੇ ਨੰਬਰ ਆਵੇਗੀ ਆਮ ਆਦਮੀ ਪਾਰਟੀ !

# ਕਾਂਗਰਸ ਪਾਰਟੀ ਨੇ ਜਾਰੀ ਕੀਤੇ ਅੰਕੜੇ

### ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ

ਜਲੰਧਰ, 6 ਜੁਲਾਈ : ਜਲੰਧਰ ਪੱਛਮੀ ਜ਼ਿਮਨੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੀ ਸ਼ਰਮਨਾਕ ਹਾਰ 'ਤੇ ਜ਼ੋਰ ਦਿੰਦਿਆਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 'ਚ 'ਆਪ' ਇਸ ਵਿਧਾਨ ਸਭਾ ਹਲਕੇ 'ਚ ਸਿਰਫ਼ ਤੀਜਾ ਸਥਾਨ ਹਾਸਲ ਕਰਨ 'ਚ ਸਫਲ ਰਹੀ ਹੈ। ਬਾਜਵਾ ਨੇ ਕਿਹਾ ਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਨੂੰ 44000, ਭਾਜਪਾ ਨੂੰ 42000 ਅਤੇ ਆਮ ਆਦਮੀ ਪਾਰਟੀ ਨੂੰ ਸਿਰਫ਼ 15000 ਵੋਟਾਂ ਮਿਲੀਆਂ ਸਨ। ਕੋਈ ਵੀ ਇਸ ਹਲਕੇ ਦੇ ਵੋਟਰਾਂ ਦੇ ਮੂਡ ਦਾ ਆਸਾਨੀ ਨਾਲ ਮੁਲਾਂਕਣ



ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਇਸ ਖੇਤਰ 'ਚ ਸ਼ੱਕੀ ਕਿਰਦਾਰ ਵਜੋਂ ਜਾਣਿਆ ਜਾਂਦਾ ਹੈ। 'ਆਪ' ਅਤੇ ਭਾਜਪਾ ਦੋਵਾਂ ਉਮੀਦਵਾਰਾਂ ਨੇ ਜਲੰਧਰ ਪੱਛਮੀ ਦੇ ਵੋਟਰਾਂ ਦੀ ਪਿੱਠ 'ਤੇ ਚਾਕੂ ਮਾਰਿਆ ਹੈ। ਬਾਜਵਾ ਨੇ ਕਿਹਾ ਕਿ ਹੁਣ ਇਸ ਹਲਕੇ ਦੇ ਵੋਟਰ ਇਨ੍ਹਾਂ ਦਲ ਬਦਾਲੂਆਂ ਨੂੰ ਢੁਕਵਾਂ ਸਬਕ ਸਿਖਾਉਣਗੇ। ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਮਹਿੰਦਰ ਭਗਤ ਅਤੇ ਭਾਜਪਾ ਦੇ ਸ਼ੀਤਲ ਅੰਗੁਰਾਲ ਦੋਵਾਂ ਨੇ ਪਾਰਟੀ ਬਦਲ ਕੇ ਜਲੰਧਰ ਪੱਛਮੀ ਦੇ ਵੋਟਰਾਂ ਨਾਲ ਧੋਖਾ ਕੀਤਾ ਹੈ, ਇਸ ਲਈ ਉਨ੍ਹਾਂ ਨੂੰ ਵੋਟਰਾਂ ਕੋਲ ਜਾ ਕੇ ਉਨ੍ਹਾਂ ਦਾ ਸਮਰਥਨ ਮੰਗਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਦੋਵਾਂ ਨੇ ਬਾਕੀ ਸਫ਼ਾ-2 'ਤੇ

## ਇੱਕ ਸ਼ੋਅ ਦਾ 80 ਲੱਖ ਲੈਂਦਾ ਸੀ, ਜੇ ਪੈਸੇ ਹੀ ਕਮਾਉਣੇ ਹੁੰਦੇ ਤਾਂ ਸਿਆਸਤ 'ਚ ਨਾ ਆਉਂਦਾ: ਮਾਨ

ਜਲੰਧਰ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਮੋਹਿੰਦਰ ਭਗਤ ਲਈ ਚੋਣ ਪ੍ਰਚਾਰ ਕੀਤਾ। ਮਾਨ ਨੇ ਇੱਥੇ ਕਈ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਭਾਜਪਾ ਅਤੇ ਕਾਂਗਰਸ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਮਾਨ ਨੇ ਕਿਹਾ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਵਜੋਂ ਸਰਕਾਰ ਵਿੱਚ ਕੋਈ ਤਬਦੀਲੀ ਨਹੀਂ ਹੋ ਸਕਦੀ। ਨਾ ਤਾਂ ਸਾਡੀ ਸਰਕਾਰ ਡਿੱਗੇਗੀ ਅਤੇ ਨਾ ਹੀ ਕਿਸੇ ਹੋਰ ਦੀ ਸਰਕਾਰ ਬਣੇਗੀ ਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਨਾਲ ਆਪ ਦੀ ਸਰਕਾਰ ਵਿਚ ਹਿੱਸੇਦਾਰੀ ਹੋਵੇਗੀ, ਜਿਸ ਨਾਲ ਇਸ ਇਲਾਕੇ ਦਾ ਵਿਕਾਸ ਹੋਰ ਤੇਜ ਰਫਤਾਰ ਨਾਲ ਹੋਵੇਗਾ। ਮਾਨ ਨੇ ਕਿਹਾ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਦੁਆਬੇ ਵਿਚ ਦਫਤਰ ਖੋਲ੍ਹਣ ਦੀ ਯੋਜਨਾ ਬਣਾ ਰਹੇ ਸਨ, ਤਾਂ ਜੋ ਉਹ ਦੁਆਬੇ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ। ਇਸ ਜ਼ਿਮਨੀ ਚੋਣ ਵਿੱਚ ਇੱਕ ਚੰਗੀ ਗੱਲ ਇਹ ਰਹੀ ਕਿ ਆਖਰਕਾਰ ਉਹ ਉਸ ਯੋਜਨਾ ਨੂੰ ਲਾਗੂ ਕਰਨ ਵਿੱਚ ਸਫਲ ਹੋ ਗਏ ਅਤੇ ਇੱਥੇ ਆਪਣਾ ਦਫ਼ਤਰ ਸਥਾਪਿਤ ਕਰ ਲਿਆ। ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਚੰਡੀਗੜ੍ਹ ਨਹੀਂ ਬਾਕੀ ਸਫ਼ਾ-2 'ਤੇ



## ਹਿਮਾਚਲ ਪ੍ਰਦੇਸ਼ 'ਚ ਮੀਂਹ ਕਾਰਨ ਜਨਜੀਵਨ ਪ੍ਰਭਾਵਿਤ

# 150 ਸੜਕਾਂ ਹੋਈਆਂ ਬੰਦ, 334 ਥਾਵਾਂ 'ਤੇ ਬਿਜਲੀ ਸੇਵਾ ਠੱਪ

**ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੂਬੇ ਦੀਆਂ 150 ਸੜਕਾਂ 'ਤੇ ਆਵਾਜਾਈ ਬੰਦ ਹੈ। ਕਈ ਇਲਾਕਿਆਂ ਵਿੱਚ ਬਿਜਲੀ ਸਪਲਾਈ ਵੀ ਠੱਪ ਹੋ ਗਈ ਹੈ....**



ਸ਼ਿਮਲਾ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਕਾਰਨ ਆਮ ਜਨਜੀਵਨ ਪ੍ਰਭਾਵਿਤ ਹੋਇਆ ਹੈ। ਰਾਜ ਵਿੱਚ ਮੀਂਹ ਕਾਰਨ 55 ਖੇਤਰਾਂ ਵਿੱਚ 150 ਸੜਕਾਂ, 334 ਬਿਜਲੀ ਸੇਵਾਵਾਂ ਅਤੇ ਜਲ ਸਪਲਾਈ ਸੇਵਾਵਾਂ ਵਿੱਚ ਵਿਘਨ ਪਿਆ ਹੈ। ਭਾਰੀ ਮੀਂਹ ਦਾ ਸਭ ਤੋਂ ਵੱਧ ਅਸਰ ਜ਼ਿਲ੍ਹਾ ਮੰਡੀ ਵਿੱਚ ਦੇਖਣ ਨੂੰ ਮਿਲਿਆ ਹੈ। ਮੰਡੀ ਦੀਆਂ ਵੱਖ-ਵੱਖ ਸਬ ਡਵੀਜ਼ਨਾਂ ਵਿੱਚ ਕੁੱਲ 111 ਸੜਕਾਂ ਬੰਦ ਹੋ ਗਈਆਂ ਹਨ। ਜੇਕਰ ਜ਼ਿਲ੍ਹੇ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਚੰਬਾ ਜ਼ਿਲ੍ਹੇ 'ਚ ਕੁੱਲ ਅੱਠ ਸੜਕਾਂ ਬੰਦ ਹਨ। ਕਾਂਗੜਾ ਜ਼ਿਲ੍ਹੇ ਦੇ ਇੰਦੌਰਾ 'ਚ ਪੁਲ ਦੇ ਰੁੜ੍ਹ ਜਾਣ ਕਾਰਨ ਆਵਾਜਾਈ 'ਚ ਵਿਘਨ ਪਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਕੁੱਲੂ ਵਿੱਚ ਅੱਠ ਥਾਵਾਂ 'ਤੇ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਸ਼ਿਮਲਾ ਵਿੱਚ 9 ਥਾਵਾਂ ਅਤੇ ਜ਼ਿਲ੍ਹਾ ਸਿਰਮੌਰ ਵਿੱਚ 13 ਥਾਵਾਂ 'ਤੇ ਸੜਕਾਂ 'ਤੇ ਲੋਕਾਂ ਦੀ ਆਵਾਜਾਈ ਠੱਪ ਹੋ ਗਈ ਹੈ। ਜੇ ਜ਼ਿਲ੍ਹਾ ਮੰਡੀ ਦੀ ਗੱਲ ਕਰੀਏ ਤਾਂ ਸੁੰਦਰਨਗਰ ਵਿੱਚ ਪੰਜ, ਸਿਰਾਜ ਵਿੱਚ 14, ਥਲੌਟ ਵਿੱਚ 22, ਮੰਡੀ ਵਿੱਚ ਤਿੰਨ, ਨੇਰਚੌਕ ਵਿੱਚ ਇੱਕ, ਜੋਗਿੰਦਰਨਗਰ ਵਿੱਚ 10, ਪਧਰ ਵਿੱਚ 14, ਗੋਹਰ ਵਿੱਚ ਤਿੰਨ, ਧਰਮਪੁਰ ਵਿੱਚ 25, ਬਾਕੀ ਸਫ਼ਾ-2 'ਤੇ

## 24 ਘੰਟਿਆਂ ਵਿੱਚ ਮੌਸਮ ਕਿਵੇਂ ਰਿਹਾ ?

ਮੌਸਮ ਵਿਗਿਆਨ ਕੇਂਦਰ ਸ਼ਿਮਲਾ ਨੇ ਸੂਬੇ ਵਿੱਚ 12 ਜੁਲਾਈ ਤੱਕ ਮੌਸਮ ਖਰਾਬ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਇਸ ਸਬੰਧੀ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਪਿਛਲੇ 24 ਘੰਟਿਆਂ ਦੀ ਗੱਲ ਕਰੀਏ ਤਾਂ ਰੇਕੋਂਗਪੀਓ ਵਿੱਚ ਸਭ ਤੋਂ ਘੱਟ ਤਾਪਮਾਨ 6.9 ਡਿਗਰੀ ਅਤੇ ਚੰਬਾ ਵਿੱਚ ਸਭ ਤੋਂ ਵੱਧ 34.1 ਡਿਗਰੀ ਦਰਜ ਕੀਤਾ ਗਿਆ। ਧਰਮਸ਼ਾਲਾ 'ਚ 214.1 ਮਿਲੀਮੀਟਰ, ਪਾਲਮਪੁਰ 'ਚ 212.4, ਜੋਗਿੰਦਰਨਗਰ 'ਚ 169, ਕਾਂਗੜਾ 'ਚ 157.6, ਬੈਜਨਾਥ 'ਚ 142, ਜੋਟ 'ਚ 95.4, ਨਗਰੋਟਾ ਸੂਰਯਾਨ 'ਚ 90.2, ਸੁਜਾਨਪੁਰ 'ਚ 72, ਨੋਦਲਾਨ 'ਚ 70 ਅਤੇ ਨੋਦਲਾਨ 'ਚ 63 ਮਿਲੀਮੀਟਰ ਬਾਰਿਸ਼ ਹੋਈ। ਰੇਕੋਂਗਪੀਓ, ਤਾਬੋ ਅਤੇ ਬਿਲਾਸਪੁਰ ਵਿੱਚ 40 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਜੋਤ, ਸੁੰਦਰਨਗਰ, ਕਾਂਗੜਾ ਅਤੇ ਭੂੰਤਰ ਵਿੱਚ ਲੋਕਾਂ ਨੂੰ ਤੂਫ਼ਾਨ ਦਾ ਸਾਹਮਣਾ ਕਰਨਾ ਪਿਆ।

## ਸਹੁੰ ਚੁੱਕਣ ਤੋਂ ਬਾਅਦ ਅੰਮ੍ਰਿਤਪਾਲ ਦੇ ਮਾਤਾ ਦਾ ਵੱਡਾ ਬਿਆਨ

# ਸਾਡਾ ਪੁੱਤ ਖਾਲਿਸਤਾਨੀ ਨਹੀਂ, ਸਰਕਾਰ ਤੁਰੰਤ ਰਿਹਾਅ ਕਰੇ

ਤਰਨ ਤਾਰਨ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਬੀਤੇ ਦਿਨ ਖਡੂਰ ਸਾਹਿਬ ਤੋਂ ਚੋਣ



ਜਿੱਤੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਬਤੌਰ ਐਮਪੀ ਸਹੁੰ ਚੁੱਕੀ ਸੀ। ਹਲਫ਼ ਲੈਣ ਤੋਂ ਬਾਅਦ ਉਹਨਾਂ ਦੀ ਮਾਤਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਖਾਲਿਸਤਾਨ ਪੱਖੀ ਨਹੀਂ ਹੈ। ਉਨਾਂ ਕਿਹਾ ਕਿ ਜਿਹੜੇ ਮੁੱਦਿਆਂ 'ਤੇ ਅੰਮ੍ਰਿਤਪਾਲ ਸਿੰਘ ਨੇ ਚੋਣ ਲੜੀ



ਸੀ, ਉਸ 'ਤੇ ਉਹ ਕੰਮ ਕਰ ਸਕਦਾ ਹੈ ਅਤੇ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਨੂੰ ਫੌਰੀ ਰਿਹਾਅ ਕੀਤਾ ਜਾਵੇ। ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ, ਪੰਜਾਬ ਦੇ ਹੱਕਾਂ ਦੀ ਗੱਲ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹੰਭਲਾ ਮਾਰਨ ਨਾਲ ਕੋਈ ਖਾਲਿਸਤਾਨ ਪੱਖੀ ਨਹੀਂ ਬਣ ਜਾਂਦਾ ਹੈ। ਉਸ ਨੇ ਸੰਵਿਧਾਨ ਦੇ ਦਾਇਰੇ 'ਚ ਰਹਿ ਕੇ ਚੋਣਾਂ ਲੜੀਆਂ ਸਨ ਅਤੇ ਹਲਫ਼ ਲਿਆ ਹੈ। ਉਹ ਪੰਜਾਬ ਦੇ ਮੁੱਦਿਆਂ ਨੂੰ ਚੁੱਕੇਗਾ ਅਤੇ ਨੌਜਵਾਨਾ ਨੂੰ ਨਸ਼ਿਆ ਤੋਂ ਬਚਾਏਗਾ। ਅੰਮ੍ਰਿਤਪਾਲ ਸਿੰਘ ਵੱਲੋਂ ਸੰਸਦ ਮੈਂਬਰ ਵਜੋਂ ਹਲਫ਼ ਲਏ ਜਾਣ ਮਗਰੋਂ ਉਸ ਦੇ ਜੱਦੀ ਪਿੰਡ ਜਲੂਪੁਰ ਖੇੜਾ ਅਤੇ ਖਡੂਰ ਸਾਹਿਬ ਹਲਕੇ 'ਚ ਲੋਕਾਂ ਨੇ ਮਠਿਆਈਆਂ ਵੰਡ ਕੇ ਜਸ਼ਨ ਮਨਾਏ। ਅੰਮ੍ਰਿਤਸਰ ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਵਿੰਦਰ ਕੌਰ ਨੇ ਰੱਬ ਦਾ ਸ਼ੁਕਰਾਨਾ ਕੀਤਾ ਅਤੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਹਲਫ਼ ਬਾਕੀ ਸਫ਼ਾ-2 'ਤੇ

## ਮਾਨਸਾ ਦੀ ਕੁੜੀ ਦੀ ਕੈਨੇਡਾ 'ਚ ਮੌਤ, 2 ਮਹੀਨੇ ਪਹਿਲਾਂ ਜ਼ਮੀਨ ਵੇਚ ਕੇ ਭੇਜੀ ਸੀ ਵਿਦੇਸ਼

# ਲਾਸ਼ ਭਾਰਤ ਲਿਆਉਣ ਲਈ 35 ਲੱਖ ਦੀ ਲੋੜ

**ਮਾਨਸਾ ਜ਼ਿਲ੍ਹੇ ਦੇ ਇੱਕ ਕਿਸਾਨ ਨੇ ਆਪਣੀ ਇੱਕ ਏਕੜ ਜ਼ਮੀਨ ਵੇਚ ਕੇ ਆਪਣੀ ਧੀ ਨੂੰ ਦੋ ਮਹੀਨੇ ਪਹਿਲਾਂ ਕੈਨੇਡਾ ਭੇਜਿਆ ਸੀ ਤੇ ਹੁਣ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ...**

ਮਾਨਸਾ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਮਾਨਸਾ ਜ਼ਿਲ੍ਹੇ ਦੇ ਇੱਕ ਕਿਸਾਨ ਨੇ ਆਪਣੀ ਇੱਕ ਏਕੜ ਜ਼ਮੀਨ ਵੇਚ ਕੇ ਆਪਣੀ ਧੀ ਨੂੰ ਦੋ ਮਹੀਨੇ ਪਹਿਲਾਂ ਕੈਨੇਡਾ ਭੇਜਿਆ ਸੀ ਤੇ ਹੁਣ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਆਪਣੀ ਧੀ ਦੀ ਮੌਤ ਦੀ ਖ਼ਬਰ ਸੁਣ ਕੇ ਪਰਿਵਾਰ ਸਦਮੇ ਵਿੱਚ ਹੈ ਤੇ ਪੰਜਾਬ ਸਰਕਾਰ ਨੂੰ ਅਪੀਲ ਕਰ ਰਿਹਾ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਭਾਰਤ ਲਿਆ ਕੇ ਉਨ੍ਹਾਂ ਦੇ ਹਵਾਲੇ ਕੀਤੀ ਜਾਵੇ ਤਾਂ ਜੋ ਉਹ ਆਪਣੀ ਧੀ ਨੂੰ ਆਖਰੀ ਵਾਰ ਦੇਖ ਸਕਣ। ਮਾਨਸਾ ਜ਼ਿਲ੍ਹੇ ਦੇ ਪਿੰਡ ਬੇਰ ਦੇ ਕਿਸਾਨ ਮਿੱਠੂ ਸਿੰਘ ਨੇ ਆਪਣੀ ਇੱਕ ਏਕੜ ਜ਼ਮੀਨ ਵੇਚ ਕੇ ਆਪਣੀ ਧੀ ਬੇਅੰਤ ਕੌਰ (25) ਨੂੰ 31



ਮਾਰਚ 2024 ਨੂੰ ਕੈਨੇਡਾ ਭੇਜਿਆ ਸੀ, ਜਿੱਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮਿੱਠੂ ਸਿੰਘ ਨੇ ਦੱਸਿਆ ਕਿ ਉਹ ਦੋ ਏਕੜ ਜ਼ਮੀਨ ਦਾ ਮਾਲਕ ਹੈ ਤੇ ਉਸ ਨੇ ਇੱਕ ਏਕੜ ਜ਼ਮੀਨ ਵੇਚ ਕੇ 26 ਲੱਖ ਰੁਪਏ ਲਾ ਕੇ ਆਪਣੀ ਲੜਕੀ ਨੂੰ ਕੈਨੇਡਾ ਭੇਜ ਦਿੱਤਾ। ਹੁਣ ਉਸ ਨੂੰ ਉਥੋਂ ਫ਼ੋਨ ਆਇਆ ਕਿ ਉਸ ਦੀ ਲੜਕੀ ਦੀ ਕੁਝ ਦਿਨ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਉਸ ਨੇ ਦੱਸਿਆ ਕਿ ਉਸ ਦੀ ਬੇਟੀ ਦੀ ਲਾਸ਼ ਨੂੰ ਭਾਰਤ ਲਿਆਉਣ ਲਈ 35 ਲੱਖ ਰੁਪਏ ਦਾ ਖਰਚਾ ਆਵੇਗਾ ਪਰ ਹੁਣ ਉਸ ਕੋਲ ਪੈਸੇ ਬਾਕੀ ਸਫ਼ਾ-2 'ਤੇ

**ਵੱਖ-ਵੱਖ ਦੇਸ਼ਾਂ ਦੇ ਖਾਲਿਸਤਾਨੀ ਆਗੂਆਂ ਵੱਲੋਂ ਦਲ ਖਾਲਸਾ ਦੇ ਬਾਨੀ ਹਾਈਜੈਕਰ ਭਾਈ ਗਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਡੂੰਘਾ ਦੁੱਖ ਪ੍ਰਗਟ**

# ਉਨ੍ਹਾਂ ਵਲੋਂ ਸਿੱਖ ਕੌਮ ਦੀ ਅਜ਼ਾਦੀ ਲਈ ਕੀਤੀ ਗਈ ਘਾਲਣਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ: ਭਾਈ ਮੁਠੱਡਾ

**ਭਾਈ ਮੁਠੱਡਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਭਾਈ ਗਜਿੰਦਰ ਸਿੰਘ ਹੁਣਾਂ ਨਾਲ ਕਾਫੀ ਸਮਾਂ ਰਹਿਣ ਦਾ ਮੌਕਾ ਮਿਲਿਆ ਉਹ ਹਮੇਸ਼ਾ ਹੀ ਖ਼ਾਲਸਾ ਪੰਥ ਦੀ ਚੜਦੀ ਕਲਾ ਤੇ ਖਾਲਸਾ ਰਾਜ ਖਾਲਿਸਤਾਨ ...**



ਲੰਡਨ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਇੰਗਲੈਂਡ ਵਿੱਚ ਪਿਛਲੇ ਲੰਬੇ ਸਮੇਂ ਤੋਂ ਜਲਾਵਤਨੀ ਕੱਟ ਰਹੇ ਸਿੱਖ ਫੈਡਰੇਸ਼ਨ ਯੂਕੇ ਦੇ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਬੈਲਜੀਅਮ ਤੋਂ ਭਾਈ ਗੁਰਦਿਆਲ ਸਿੰਘ ਢਕਾਣਸੂ, ਜਰਮਨੀ ਤੋਂ ਭਾਈ ਗੁਰਵਿੰਦਰ ਸਿੰਘ ਨਡਾਲੋ, ਅਮਰੀਕਾ ਤੋਂ ਗੁਰਮੇਲ ਸਿੰਘ ਢੇਸੀ, ਯੂ ਕੇ ਤੋਂ ਬਲਵਿੰਦਰ ਸਿੰਘ ਢਿੱਲੋ ਨੇ ਪਿਛਲੇ ਦਿਨੀਂ ਖਾਲਿਸਤਾਨ ਦੀ ਜੰਗੇ ਆਜ਼ਾਦੀ ਦੇ ਜਰਨੈਲ ਅਤੇ ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਦਲ ਖ਼ਾਲਸਾ ਜਥੇਬੰਦੀ ਦੇ ਬਾਨੀ ਜਲਾਵਤਨੀ ਸਿੱਖ ਭਾਈ ਗਜਿੰਦਰ ਸਿੰਘ ਜੋ ਕਿ ਲਹਿੰਦੇ ਪੰਜਾਬ ਲਾਹੌਰ ਦੀ ਧਰਤੀ ਤੇ ਅਕਾਲ ਚਲਾਣਾ ਕਰ ਗਏ ਹਨ ।ਉਹਨਾਂ ਦੇ ਵਿਛੋੜੇ ਦੀ ਖਬਰ ਸੁਣ ਕੇ ਮਨ ਗਮਗੀਨ ਜ਼ਰੂਰ ਹੋਇਆ ਪਰ ਇਸ ਗੱਲ ਦੀ ਤਸੱਲੀ ਹੈ ਕਿ ਉਹ ਗੁਰਬਾਣੀ ਦੇ ਮਹਾਂਵਾਕ ,"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥" ਦੇ ਅਨੁਸਾਰ ਆਪਣੇ ਬੇਦਾਗ. ਚੋਲੇ ਨਾਲ ਇਸ ਸੰਸਾਰ ਤੋਂ ਗਏ ਹਨ । ਦੱਸਣਯੋਗ ਹੈ ਕਿ ਜਦੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਨੂੰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ 1981 ਚ ਫਸਾਇਆ ਗਿਆ ਸੀ।ਸੰਤਾ ਨੂੰ ਛਡਾਉਣ ਲਈ ਭਾਈ ਗਜਿੰਦਰ ਸਿੰਘ ਦੀ ਅਗਵਾਈ ਵਿਚ ਸੰਤਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਭਾਰਤੀ ਜਹਾਜ ਅਗਵਾ ਕਰਕੇ ਲਾਹੌਰ ਲਿਜਾਕੇ ਦੁਨੀਆ ਨੂੰ ਸਿੱਖਾਂ ਖਿਲਾਫ ਭਾਰਤ ਵਿੱਚ ਹੋ ਰਹੀ ਧੱਕੇਸ਼ਾਹੀ ਤੇ ਗੁਲਾਮੀ ਤੋਂ ਜਾਣੂ ਕਰਵਾਇਆ ਅਤੇ ਸਰਕਾਰ ਨੂੰ ਕੁਝ ਦਿਨਾਂ ਵਿੱਚ ਹੀ ਸੰਤਾਂ ਨੂੰ ਛੱਡਣਾ ਪਿਆ। । ਉਹਨਾਂ ਨੇ ਚਾਰ ਦਹਾਕੇ ਤੋਂ ਵੱਧ ਸਮਾਂ ਜਲਾਵਤਨੀ ਹੰਢਾਈ । ਉਹਨਾਂ ਨੂੰ ਤੇ ਉਹਨਾਂ ਦੀ ਸਿੰਘਣੀ ਨੂੰ ਨਾ ਤੇ ਆਪਣੀ ਧੀ ਦੇ ਆਨੰਦ ਕਾਰਜ 'ਚ ਸ਼ਾਮਲ ਹੋਣ ਦਾ ਸਬੱਬ ਮਿਲਿਆ ਤੇ ਨਾ ਹੀ ਉਹ ਆਪਣੀ ਸਿੰਘਣੀ ਦੇ ਅਕਾਲ ਚਲਾਣੇ ਮੌਕੇ ਸੰਸਕਾਰ 'ਚ ਸ਼ਾਮਲ ਹੋ ਸਕੇ ।ਪਰ ਫੇਰ ਵੀ ਉਹਨਾਂ ਆਪਣਾ ਸਿਦਕ ਕਾਇਮ ਰੱਖਿਆ ।ਭਾਈ ਮੁਠੱਡਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਭਾਈ ਗਜਿੰਦਰ ਸਿੰਘ ਹੁਣਾਂ ਨਾਲ ਕਾਫੀ ਸਮਾਂ ਰਹਿਣ ਦਾ ਮੌਕਾ ਮਿਲਿਆ ਉਹ ਹਮੇਸ਼ਾ ਹੀ ਖ਼ਾਲਸਾ ਪੰਥ ਦੀ ਚੜਦੀ ਕਲਾ ਤੇ ਖਾਲਸਾ ਰਾਜ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਦ੍ਰਿੜ ਇਰਾਦਾ ਰੱਖਦੇ ਸਨ ।ਸਾਡੀ ਗੁਰੂ ਸਾਹਿਬ ਅੱਗੇ ਇਹੀ ਅਰਦਾਸ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਰਿਵਾਰ ਅਤੇ ਸੰਘਰਸ਼ੀ ਵੀਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

ਆਵਾਜ਼ਿ ਕੌਮ AWAZE QAUM International Newspaper & WEB TV

## .... ਸ.ਫਾ-1 ਦਾ ਬਾਕੀ ....

### ਚੋਣਾਂ ਤੋਂ ਪਹਿਲਾਂ ਹੋ ਗਈ ਭਵਿੱਖਬਾਣੀ ...

ਆਪਣੀ ਮਨਮਰਜ਼ੀ ਅਨੁਸਾਰ ਆਪਣੀ ਵਫ਼ਾਦਾਰੀ ਬਦਲੀ। ਬਾਜਵਾ ਨੇ ਕਿਹਾ ਕਿ ਉਨ੍ਹਾਂ ਨੂੰ ਜਲੰਧਰ ਪੱਛਮੀ ਵਾਸੀਆਂ ਦੀਆਂ ਤਕਲੀਫ਼ਾਂ ਦੀ ਕੋਈ ਪਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਅਪਰੇਸ਼ਨ ਲੋਟਸ ਦੇ ਸ਼ਿਕਾਇਤਕਰਤਾਵਾਂ 'ਚੋਂ ਇੱਕ ਹਨ। ਉਹ ਢਾਈ ਸਾਲ ਜਲੰਧਰ ਪੱਛਮੀ ਤੋਂ ਵਿਧਾਇਕ ਰਹੇ। ਹਾਲਾਂਕਿ, ਉਹ ਇਸ ਵਿਧਾਨ ਸਭਾ ਹਲਕੇ ਵਿੱਚ ਕੀਤੇ ਗਏ ਇੱਕ ਵੀ ਵਿਕਾਸ ਕਾਰਜਾਂ ਨੂੰ ਗਿਣ ਨਹੀਂ ਸਕਦੇ। ਇਸ ਦੀ ਬਜਾਏ, ਉਹ ਕਿਸੇ ਨਾ ਕਿਸੇ ਵਿਵਾਦ ਵਿੱਚ ਫਸਿਆ ਰਿਹਾ। ਇਸੇ ਤਰਾਂ ਮਹਿੰਦਰ ਭਗਤ ਭਾਜਪਾ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਕਿਉਂਕਿ ਉਹ ਸੱਤਾ ਦਾ ਅਨੰਦ ਮਾਣਨਾ ਚਾਹੁੰਦੇ ਸਨ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰੀ ਢਾਂਚੇ ਨੂੰ ਸਭ ਤੋਂ ਵੱਧ ਮਹੱਤਵ ਦਿੰਦੀ ਹੈ। ਇਸ ਤੋਂ ਇਲਾਵਾ ਜਲੰਧਰ ਪੱਛਮੀ ਤੋਂ ਕਾਂਗਰਸ ਦੀ ਉਮੀਦਵਾਰ ਸੁਰਿੰਦਰ ਕੌਰ ਸਭ ਤੋਂ ਸੁਹਿਰਦ ਉਮੀਦਵਾਰ ਹੈ। ਉਹ ਪਹਿਲਾਂ ਹੀ ਆਪਣੀ ਜ਼ਿੰਦਗੀ ਇਸ ਖੇਤਰ ਦੇ ਵਸਨੀਕਾਂ ਨੂੰ ਸਮਰਪਿਤ ਕਰ ਚੁੱਕੀ ਹੈ।

### ਇੱਕ ਸ਼ੋਅ ਦਾ 80 ਲੱਖ ਲੈਂਦਾ ਸੀ...

ਜਾਣਾ ਪਵੇਗਾ। ਹੁਣ ਸਰਕਾਰ ਖੁਦ ਤੁਹਾਡੇ ਬੂਹੇ 'ਤੇ ਹੈ। ਮਾਨ ਨੇ ਕਿਹਾ ਕਿ ਉਹ ਚੋਣਾਂ ਤੋਂ ਬਾਅਦ ਵੀ ਇਸ ਰਿਹਾਇਸ਼ ਨੂੰ ਬਰਕਰਾਰ ਰੱਖਣਗੇ ਤਾਂ ਜੋ ਉਹ ਹਫ਼ਤੇ ਵਿੱਚ ਘੱਟੋ-ਘੱਟ ਦੋ ਦਿਨ ਦੋਆਬਾ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ। ਉਨ੍ਹਾਂ ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇਕਰ ਉਹ ਜਲੰਧਰ ਦੀ ਡਿਪਟੀ ਮੇਅਰ ਹੁੰਦਿਆਂ ਆਪਣੇ ਵਾਰਡ ਦੇ ਕੰਮ ਨਹੀਂ ਕਰਵਾ ਸਕੀ ਤਾਂ ਉਹ ਇੰਨੇ ਵੱਡੇ ਵਿਧਾਨ ਸਭਾ ਹਲਕੇ ਦੇ ਕੰਮ ਕਿਵੇਂ ਕਰਵਾਉਣਗੇ। ਮਾਨ ਨੇ ਕਿਹਾ ਕਿ ਗਲੀਆਂ, ਨਾਲੀਆਂ ਅਤੇ ਸੀਵਰੇਜ ਸਿਸਟਮ ਆਦਿ ਦਾ ਕੰਮ ਨਗਰ ਨਿਗਮ ਅਧੀਨ ਆਉਂਦਾ ਹੈ। ਜਲੰਧਰ ਨਗਰ ਨਿਗਮ ਵਿੱਚ ਇਸ ਵੇਲੇ ਕਾਂਗਰਸ ਦਾ ਮੇਅਰ ਹੈ, ਉਸ ਨੇ ਇਸ ਲਈ ਕੁਝ ਨਹੀਂ ਕੀਤਾ। ਮਾਨ ਨੇ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਸੁਖਬੀਰ ਬਾਦਲ ਆਪਣੇ ਉਮੀਦਵਾਰ ਤੋਂ ਸਮਰਥਨ ਵਾਪਸ ਲੈ ਕੇ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਨੂੰ ਵੋਟ ਪਾਉਣ ਲਈ ਕਹਿ ਰਹੇ ਹਨ। ਮਾਨ ਨੇ ਕਿਹਾ ਕਿ ਮੈਂ ਪੈਸਾ ਕਮਾਉਣ ਲਈ ਰਾਜਨੀਤੀ ਵਿੱਚ ਨਹੀਂ ਆਇਆ ਹਾਂ। ਜੇਕਰ ਮੈਂ ਪੈਸਾ ਕਮਾਉਣਾ ਹੁੰਦਾ ਤਾਂ ਇੱਕ ਕਲਾਕਾਰ ਦੇ ਤੌਰ 'ਤੇ ਮੈਂ ਹੁਣ ਤੱਕ ਬਹੁਤ ਕਮਾ ਲਿਆ ਹੁੰਦਾ। 20 ਸਾਲ ਪਹਿਲਾਂ ਮੈਨੂੰ ਇੱਕ ਸ਼ੋਅ ਲਈ 25 ਲੱਖ ਰੁਪਏ ਮਿਲਦੇ ਸਨ। ਵਿਦੇਸ਼ਾਂ 'ਚ ਇਕ ਸ਼ੋਅ 'ਤੇ 75 ਤੋਂ 80 ਲੱਖ ਰੁਪਏ ਮਿਲਦੇ ਸਨ। ਮੈਂ ਪੰਜਾਬ ਦੇ ਲੋਕਾਂ ਦੀ ਸੇਵਾ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਰਾਜਨੀਤੀ ਵਿੱਚ ਆਇਆ ਹਾਂ।

### ਹਿਮਾਚਲ ਪ੍ਰਦੇਸ਼ 'ਚ ਮੀਂਹ ਕਾਰਨ ਜਨਜੀਵਨ ਪ੍ਰਭਾਵਿਤ...

ਸਰਕਾਘਾਟ ਵਿੱਚ ਨੌਂ ਅਤੇ ਕਾਰਸੋਗ ਵਿੱਚ ਪੰਜ ਸੜਕਾਂ ਬੰਦ ਹਨ। ਇਸ ਤਰ੍ਹਾਂ ਜ਼ਿਲ੍ਹਾ ਮੰਡੀ ਵਿੱਚ ਕੁੱਲ 111 ਥਾਵਾਂ 'ਤੇ ਸੜਕਾਂ ਬੰਦ ਕੀਤੀਆਂ ਗਈਆਂ ਹਨ। ਚੰਬਾ ਜ਼ਿਲ੍ਹੇ 'ਚ 58 ਥਾਵਾਂ 'ਤੇ ਬਿਜਲੀ ਸੇਵਾ ਪ੍ਰਭਾਵਿਤ ਹੋਈ ਹੈ। ਇਨ੍ਹਾਂ ਵਿੱਚ ਤੀਸਾ ਵਿੱਚ 10, ਭਰਮੌਰ ਵਿੱਚ 8 ਅਤੇ ਚੰਬਾ ਉਪ ਮੰਡਲ ਵਿੱਚ 40 ਸਥਾਨ ਸ਼ਾਮਲ ਹਨ।

ਇਸ ਤੋਂ ਇਲਾਵਾ ਜ਼ਿਲ੍ਹਾ ਮੰਡੀ ਵਿੱਚ 259 ਥਾਵਾਂ 'ਤੇ ਬਿਜਲੀ ਸੇਵਾ ਠੱਪ ਹੋ ਕੇ ਰਹਿ ਗਈ ਹੈ। ਊਨਾ ਜ਼ਿਲ੍ਹੇ ਦੇ ਅੰਬ ਵਿੱਚ 17 ਥਾਵਾਂ 'ਤੇ ਬਿਜਲੀ ਨਹੀਂ ਹੈ। ਮੰਡੀ ਵਿੱਚ 12, ਗੋਹਰ ਵਿੱਚ 86, ਕਾਰਸੋਗ ਵਿੱਚ ਇੱਕ, ਸਰਕਾਘਾਟ ਵਿੱਚ ਤਿੰਨ, ਧਰਮਪੁਰ ਵਿੱਚ 154, ਸੁੰਦਰਨਗਰ ਵਿੱਚ ਇੱਕ ਅਤੇ ਜੋਗਿੰਦਰਨਗਰ ਵਿੱਚ ਦੋ ਥਾਵਾਂ 'ਤੇ ਬਿਜਲੀ ਸੇਵਾ ਠੱਪ ਹੈ। ਬਿਲਾਸਪੁਰ ਜ਼ਿਲ੍ਹੇ ਵਿੱਚ 22 ਥਾਵਾਂ ਅਤੇ ਸ਼ਿਮਲਾ ਜ਼ਿਲ੍ਹੇ ਵਿੱਚ 33 ਥਾਵਾਂ 'ਤੇ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੋਈ ਹੈ।

### ਸਹੁੰ ਚੁੱਕਣ ਤੋਂ ਬਾਅਦ ਅੰਮ੍ਰਿਤਪਾਲ ਦੇ ਮਾਤਾ ਦਾ ਵੱਡਾ ਬਿਆਨ...

ਲਏ ਜਾਣ ਮਗਰੋਂ ਸੰਗਤ 'ਚ ਖੁਸ਼ੀ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਚੋਣਾਂ ਨਸ਼ਿਆਂ ਖ਼ਿਲਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੜੀਆਂ ਗਈਆਂ ਸਨ। ਉਹ ਬੇਕਸੂਰ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣਾ ਗਲਤ ਨਹੀਂ ਹੈ।" ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਲੋਕਾਂ ਨੇ ਵੱਡੀਆਂ ਉਮੀਦਾਂ ਨਾਲ ਉਸ ਨੂੰ ਵੋਟਾਂ ਪਾਈਆਂ ਹਨ ਅਤੇ ਛੇਤੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

### ਸਰਕਾਰ ਨੇ ਡੀ.ਏ 'ਚ ਕੀਤਾ 4 ਫ਼ੀਸਦੀ ਦਾ ਵਾਧਾ...

ਨਹੀਂ ਹਨ। ਉਸ ਨੇ ਕਿਹਾ ਕਿ ਅਸੀਂ ਸੋਚਿਆ ਸੀ ਕਿ ਸਾਡੀ ਧੀ ਕੈਨੇਡਾ ਜਾ ਕੇ ਘਰ ਦੀ ਗਰੀਬੀ ਦੂਰ ਕਰੇਗੀ ਅਤੇ ਆਪਣੀਆਂ ਦੋ ਭੈਣਾਂ ਅਤੇ ਭਰਾ ਦਾ ਚੰਗਾ ਭਵਿੱਖ ਬਣਾਵੇਗੀ ਪਰ ਸਾਡੇ ਸੁਪਨੇ ਚਕਨਾਚੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਉਨ੍ਹਾਂ ਦੀ ਬੇਟੀ ਦੀ ਲਾਸ਼ ਭਾਰਤ ਕਿਵੇਂ ਲਿਆਉਣੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਈ ਸਿਆਸੀ ਆਗੂਆਂ ਨਾਲ ਗੱਲ ਕੀਤੀ, ਪਰ ਉਨ੍ਹਾਂ ਨੇ ਸਾਡੀ ਗੱਲ ਨਹੀਂ ਸੁਣੀ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਧੀ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦਾ ਪ੍ਰਬੰਧ ਕਰਨ ਤਾਂ ਜੋ ਉਹ ਆਪਣੀ ਬੇਟੀ ਦਾ ਚਿਹਰਾ ਆਖਰੀ ਵਾਰ ਦੇਖ ਸਕਣ।

### 23 ਜੁਲਾਈ ਨੂੰ ਬਜਟ...

ਦੀਆਂ ਨਜ਼ਰਾਂ ਬਜਟ ਸੈਸ਼ਨ 'ਤੇ ਟਿਕੀਆਂ ਹੋਈਆਂ ਹਨ। ਸੰਸਦ ਦਾ ਸੈਸ਼ਨ 22 ਜੁਲਾਈ ਤੋਂ 12 ਅਗਸਤ ਤੱਕ ਚੱਲੇਗਾ।ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਆਪਣੇ ਐਕਸ ਹੈਂਡਲ 'ਤੇ ਬਜਟ ਸੈਸ਼ਨ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਐਕਸ ਪੋਸਟ ਵਿੱਚ ਲਿਖਿਆ, "ਭਾਰਤ ਸਰਕਾਰ ਦੀ ਸਿਫ਼ਾਰਸ਼ 'ਤੇ ਭਾਰਤ ਦੀ ਮਾਣਯੋਗ ਰਾਸ਼ਟਰਪਤੀ ਨੇ ਬਜਟ ਸੈਸ਼ਨ 2024 ਲਈ ਸੰਸਦ ਦੇ ਦੋਵੇਂ ਸਦਨਾਂ ਨੂੰ 22 ਜੁਲਾਈ, 2024 ਤੋਂ 12 ਅਗਸਤ, 2024 ਤੱਕ ਬੁਲਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। "ਕੇਂਦਰੀ ਬਜਟ 2024-25 23 ਜੁਲਾਈ, 2024 ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਜਾਵੇਗਾ।

ਕੇਂਦਰੀ ਬਜਟ 2024 ਦੀਆਂ ਤਰੀਕਾਂ ਦਾ ਐਲਾਨ ਹੋਣ ਦੇ ਨਾਲ ਹੀ ਇਸ ਗੱਲ ਦੀਆਂ ਬਹੁਤ ਸਾਰੀਆਂ ਉਮੀਦਾਂ ਅਤੇ ਅਟਕਲਾਂ ਹਨ ਕਿ ਵਿੱਤ ਮੰਤਰੀ ਮੋਦੀ 3.0 ਸਰਕਾਰ ਦੇ ਅਧੀਨ ਟੈਕਸਦਾਤਾਵਾਂ ਲਈ ਕੁਝ ਲਾਭਾਂ ਦਾ ਐਲਾਨ ਕਰ ਸਕਦੀ ਹੈ।ਇਸ ਦੌਰਾਨ ਨਿਊਜ਼ ਏਜੰਸੀ ਰਾਇਟਰਜ਼ ਨੇ ਦੋ ਸਰਕਾਰੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਕੇਂਦਰ ਸਰਕਾਰ ਕੇਂਦਰੀ ਬਜਟ ਵਿੱਚ ਪੇਂਡੂ ਰਿਹਾਇਸ਼ ਲਈ ਸੂਬਾਈ ਸਬਸਿਡੀ ਵਧਾਉਣ ਦੀ ਤਿਆਰੀ ਕਰ ਰਹੀ ਹੈ, ਜਿਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50 ਫੀਸਦੀ ਵਾਧਾ ਹੋਣ ਦੀ ਸੰਭਾਵਨਾ ਹੈ, ਜਿਸ ਦੀ ਰਕਮ 6.5 ਅਰਬ ਰੁਪਏ ਹੋਵੇਗੀ ਅਮਰੀਕੀ ਡਾਲਰ ਤੋਂ ਵੱਧ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਸਾਲ ਦੋ ਵਾਰ ਬਜਟ ਪੇਸ਼ ਕੀਤਾ ਜਾ ਰਿਹਾ ਹੈ।ਅੰਤਰਿਮ ਬਜਟ 1 ਫਰਵਰੀ 2024 ਨੂੰ ਪੇਸ਼ ਕੀਤਾ ਗਿਆ ਸੀ ਪਰ ਹੁਣ ਨਵੀਂ ਸਰਕਾਰ ਬਣਨ ਤੋਂ ਬਾਅਦ ਪੂਰਾ ਕੇਂਦਰੀ ਬਜਟ ਪੇਸ਼ ਹੋਣ ਜਾ ਰਿਹਾ ਹੈ।

ਇਸ ਵਾਰ ਬਜਟ ਪੇਸ਼ ਹੋਣ ਦੇ ਨਾਲ ਹੀ ਮੌਜੂਦਾ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਨਾਮ ਇੱਕ ਅਨੋਖਾ ਰਿਕਾਰਡ ਦਰਜ ਹੋ ਜਾਵੇਗਾ।ਕਿਉਂਕਿ ਅਜਿਹਾ ਕਰਨ ਨਾਲ ਉਹ ਲਗਾਤਾਰ ਸੱਤ ਕੇਂਦਰੀ ਬਜਟ ਪੇਸ਼ ਕਰਨ ਵਾਲੀ ਪਹਿਲੀ ਵਿੱਤ ਮੰਤਰੀ ਬਣ ਜਾਵੇਗੀ। ਇਸ ਮਾਮਲੇ ਵਿੱਚ ਉਹ ਮੋਰਾਰਜੀ ਦੇਸਾਈ ਨੂੰ ਪਿੱਛੇ ਛੱਡ ਦੇਵੇਗੀ। ਦੇਸਾਈ ਨੇ ਲਗਾਤਾਰ 6 ਬਜਟ ਪੇਸ਼ ਕੀਤੇ ਸਨ।

### ਬਿਜਲੀ ਡਿੱਗਣ ਨਾਲ...

ਜਾਣਕਾਰੀ ਦਿਤੀ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮ੍ਰਿਤਕਾਂ ਦੀ ਮੌਤ 'ਤੇ ਸੋਗ ਪ੍ਰਗਟਾਇਆ ਹੈ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਚਾਰ-ਚਾਰ ਲੱਖ ਰੁਪਏ ਦੀ ਮੁਆਵਜ਼ਾ ਰਕਮ ਦੇਣ ਦਾ ਐਲਾਨ ਕੀਤਾ ਹੈ। ਕੁਮਾਰ ਨੇ ਸੂਬੇ ਦੇ ਲੋਕਾਂ ਨੂੰ ਚੌਕਸ ਰਹਿਣ ਅਤੇ ਘਰਾਂ ਦੇ ਅੰਦਰ ਰਹਿਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਦਫ਼ਤਰ ਵਲੋਂ ਸਨਿਚਰਵਾਰ ਨੂੰ ਜਾਰੀ ਇਕ ਬਿਆਨ ਮੁਤਾਬਕ ਜਹਾਨਾਬਾਦ 'ਚ ਤਿੰਨ, ਮਧੇਪੁਰਾ 'ਚ ਦੋ, ਪੂਰਬੀ ਚੰਪਾਰਨ, ਰੋਹਤਾਸ, ਸਾਰਨ ਅਤੇ ਸੁਪੌਲ 'ਚ ਇਕ-ਇਕ ਵਿਅਕਤੀ ਦੀ ਮੌਤ ਹੋ ਗਈ। ਮੁੱਖ ਮੰਤਰੀ ਨੇ ਲੋਕਾਂ ਨੂੰ ਆਫ਼ਤ ਪ੍ਰਬੰਧਨ ਵਿਭਾਗ ਵਲੋਂ ਜਾਰੀ ਐਡਵਾਇਜ਼ਰੀ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ।

# ਇੱਕ ਨਜ਼ਰ



## ਸਵਰਗਵਾਸੀ ਭਾਈ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ, ਪਰਿਵਾਰ ਨਾਲ ਅਫਸੋਸ ਦਾ ਪ੍ਰਗਟਾਵਾ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

ਲੰਡਨ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਅਕਾਲੀ ਦਲ਼ ਅੰਮ੍ਰਿਤਸਰ ਦੇ ਅਹੁਦੇਦਾਰ ਅਤੇ ਮੈਂਬਰ ਸ੍ਰ: ਗਜਿੰਦਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪਰਿਵਾਰ ਨਾਲ ਦੁੱਖ ਅਤੇ ਹਮਦਰਦੀ ਪ੍ਰਗਟ ਕਰਦੇ ਹਨ।ਦਲ ਖ਼ਾਲਸਾ ਦੇ ਬਾਨੀ ਆਗੂਆਂ ਵਿਚੋਂ ਸ: ਗਜਿੰਦਰ ਸਿੰਘ ਜੀ ਜੋ ਕੁੱਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਹਨ ਆਪਣੀ ਜ਼ਿੰਦਗੀ ਦੇ ਤਕਰੀਬਨ ਚੁਤਾਲੀ ਸਾਲ ਜੇਲ੍ਹਾਂ, ਜਲਾਵਤਨੀ, ਪ੍ਰੀਵਾਰ ਅਤੇ ਆਪਣਿਆਂ ਤੋਂ ਵਿਛੋੜਾ ਸਹਾਰਦੇ ਹੋਏ ਅਤਿਕਠਨ ਜੀਵਨ ਦੇ ਬਾਵਜੂਦ ਚੜ੍ਹਦੀ ਕਲ੍ਹਾ ਨਾਲ ਖਾਲ਼ਿਸਤਾਨ ਦੇ ਸੰਘਰਸ਼ ਲਈ ਅਡੋਲ ਜੂਝਦੇ ਰਹੇ।ਵਿਛੋੜੇ ਦੇ ਦੌਰ ਵਿੱਚ ਹੀ ਆਪ ਜੀ ਦੀ ਧਰਮ ਸੁਪਤਨੀ ਦਾ ਅਕਾਲ ਚਲਾਣਾ ਹੋ ਗਿਆ। ਕੌਮੀ ਸੰਘਰਸ਼ ਅਤੇ ਇਸ ਦਰਦ ਨੂੰ ਆਪ ਜੀ ਆਪਣੀਆਂ ਅੰਤਰੀਵ ਭਾਵ ਤੋਂ ਲਿਖਿਆਂ ਲਿਖਤਾ ਰਾਹੀਂ ਵਰਨਣ ਕਰਦੇ ਰਹੇ। 1981 ਵਿੱਚ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਹ ਵਜੋਂ ਜਹਾਜ ਅਗਵਾ ਕਰਨ ਦੇ ਕੇਸ ਵਿੱਚ ਆਪ ਜੀ ਦੀ ਗ੍ਰਿਫਤਾਰੀ ਉਪਰੰਤ ਆਪ ਜੀ ਦੇ ਦੁਸ਼ਵਾਰੀਆ ਭਰੇ ਜਲਾਵਤਨ ਜੀਵਨ ਦੀ ਸ਼ੁਰੂਆਤ ਹੋਈ ਜੋ ਕੇ ਆਪ ਜੀ ਦੇ ਅੰਤਮ ਸਵਾਸਾਂ ਤੱਕ ਜਾਰੀ ਰਹੀ।1977 ਈ: ਵਿੱਚ ਬਣੀ ਜੰਤਾ ਪਾਰਟੀ ਦੀ ਸਰਕਾਰ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮੈਡਮ ਇੰਦਰਾ ਗਾਂਧੀਂ ਨੂੰ ਗ੍ਰਿਫਤਾਰ ਕਰਨ ਦੇ ਰੋਹ ਵਜੋਂ ਪਾਂਡੇ ਭਰਾਵਾਂ ਨੇ ਜਹਾਜ ਅਗਵਾ ਕੀਤਾ। ਢਾਈ ਕੁ ਸਾਲ ਬਾਅਦ ਮੁੜ ਮੈਡਮ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣਨ ਉਪਰੰਤ ਪਾਂਡੇ ਭਰਾਵਾਂ ਨੂੰ ਵਜੀਰੀਆ ਨਾਲ ਨਿਵਾਜਿਆ ਗਿਆ ਪਰ ਸਿੱਖਾ ਦੇ ਹਿੱਸੇ ਜੇਲ੍ਹਾ, ਜਲਾਵਤਨੀਆਂ ਅਤੇ ਝੂਠੇ ਪੁਲਿਸ ਮੁਕਾਬਲੇ ਆਏ। ਉਦੋਂ ਤੋਂ ਲੈ ਕੇ ਅੱਜ ਤੱਕ ਕੁੱਝ ਨਹੀਂ ਬਦਲਿਆ ਸਰਕਾਰਾਂ ਨਾਲ ਮਿਲ ਕੇ ਚੱਲ਼ਣ ਵਾਲਿਆਂ ਨੂੰ ਸਭ ਕੁੱਝ ਮੁਆਫ ਜਾਪਦਾ ਹੈ, ਸਿੱਖ ਕੌਮ ਨਾਲ ਵਿਤਕਰੇ ਬਾਦਸਤੂਰ ਜਾਰੀ ਹਨ। ਸਵਰਗਵਾਸੀ ਭਾਈ ਗਜਿੰਦਰ ਸਿੰਘ ਜੀ ਦੀ ਬੇਟੀ ਅਤੇ ਪ੍ਰੀਵਾਰ ਨਾਲ ਅਫਸੋਸ ਪ੍ਰਗਟ ਕਰਦੇ ਹੋਏ ਅਸੀਂ ਕੌਮ ਨੂੰ ਅਪੀਲ ਕਰਦੇ ਹਾਂ ਕੇ ਯੋਧਿਆ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕੇ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਈਏ।

ਆਵਾਜ਼ਿ ਕੌਮ AWAZE QAUM International Newspaper & WEB TV

## ਬ੍ਰਿਟੇਨ ਦੀਆਂ ਹੋਈਆਂ ਸੰਸਦੀ ਚੋਣਾਂ 'ਚ 10 ਪੰਜਾਬੀਆਂ ਦੀ ਹੋਈ ਸ਼ਾਨਦਾਰ ਜਿੱਤ ਨੇ ਪੰਜਾਬ ਦਾ ਨਾਂ ਹੋਰ ਰੁਸ਼ਨਾਇਆ: ਪ੍ਰੋ. ਬਡੂੰਗਰ



ਪਟਿਆਲਾ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿ ਕਿਰਪਾਲ ਸਿੰਘ ਬਡੂੰਗਰ ਨੇ ਬਰਤਾਨੀਆ ਦੀ ਹੋਈ ਸੰਸਦੀ ਚੋਣ ਵਿੱਚ 10 ਪੰਜਾਬੀਆਂ ਸਣੇ 26 ਭਾਰਤ ਵੰਸ਼ੀਆਂ ਦੀ ਇਤਿਹਾਸਿਕ ਜਿੱਤ ਤੇ ਸਮੁੱਚੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵੀ ਖਾਸ ਕਰ ਪੰਜਾਬੀਆਂ ਨੇ ਆਪਣੀ ਜਿੱਤ ਦੇ ਝੰਡੇ ਗੱਡ ਕੇ ਪੰਜਾਬ ਦਾ ਮਾਣ ਹੋਰ ਵਧਾਇਆ ਹੈ। ਉਹਨਾਂ ਕਿਹਾ ਕਿ ਇਸ ਤੋਂ ਵੱਡੀ ਮਾਣ ਵਾਲੀ ਗੱਲ ਇਹ ਹੈ ਕਿ ਪੰਜਾਬੀਆਂ ਦੀ ਹੋਈ ਸ਼ਾਨਦਾਰ ਜਿੱਤ ਵਿਚ ਇਨਾਂ ਸੰਸਦੀ ਚੋਣਾਂ ਵਿੱਚ ਪੰਜ ਪੰਜਾਬੀ ਔਰਤਾਂ ਵੀ ਸ਼ਾਮਿਲ ਹਨ ।ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਇਹਨਾਂ ਸੰਸਦੀ ਚੋਣਾਂ ਵਿੱਚ ਲਗਾਤਾਰ ਤੀਜੀ ਵਾਰ ਜੇਤੂ ਰਹੇ ਤਰਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗ.ਿਲ ਦੂਸਰੀ ਵਾਰ ਜੇਤੂ ਰਹੇ ਹਨ ਤੇ ਬਾਕੀ ਅੱਠ ਸੰਸਦੀ ਮੈਂਬਰਾਂ ਵਿੱਚ ਬੋਲਟਨ ਨਾਰਥ ਈਸਟ ਦੀ ਸੰਸਦੀ ਸੀਟ ਤੋਂ ਪਹਿਲੀ ਜੇਤੂ ਔਰਤ ਕੀਰਿਥ ਆਲੂਵਾਲੀਆ 16 ਹਜਾਰ ਤੋਂ ਜਿਆਦਾ ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ ਜਦਕਿ ਡਡਲੀ ਸੰਸਦੀ ਸੀਟ ਤੋਂ ਵੀ ਪਹਿਲੀ ਮਹਿਲਾ ਸਾਂਸਦ ਸੋਨੀਆ ਕੁਮਾਰ ਤੇ ਪਹਿਲੀ ਵਾਰ ਹੀ ਹਡਰਸਫੀਲਡ ਸੰਸਦੀ ਸੀਟ ਤੋਂ ਹਰਪ੍ਰੀਤ ਕੌਰ ਉੱਪਲ, ਸਾਊਥੈਪਟਨ ਸੰਸਦੀ ਸੀਟ ਤੋਂ ਸਤਵੀਰ ਕੌਰ, ਵਾਲਪਰਹੈਪਟਨ ਵੈਸਟ ਸੰਸਦੀ ਸੀਟ ਤੋਂ ਵਰਿੰਦਰ ਜੱਸ, ਲਾਫਥੋਰੋ ਸੰਸਦੀ ਸੀਟ ਤੋਂ ਡਾ. ਜੀਵਨ ਸੰਧੇਰ, ਇਲਫੋਰਡ ਸੰਸਦੀ ਸੀਟ ਤੋਂ ਜੱਸ ਅਠਵਾਲ ਤੇ ਸਮੈਥਵਿਕ ਸੰਸਦੀ ਸੀਟ ਤੋਂ ਗੁਰਿੰਦਰ ਸਿੰਘ ਜੋਸ਼ਨ ਨੇ ਜੋ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ ਇਸ ਨੇ ਪੰਜਾਬੀਆਂ ਦਾ ਵਿਦੇਸ਼ਾਂ ਵਿੱਚ ਹੋਰ ਮਾਣ ਨਾਲ ਸਿਰ ਉੱਚਾ ਕੀਤਾ ਹੈ । ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਪੰਜਾਬੀਆਂ ਦਾ ਵਿਦੇਸ਼ਾਂ ਵਿੱਚ ਜਾ ਕੇ ਵਿਦੇਸ਼ਾਂ ਦੀ ਧਰਤੀ ਤੇ ਆਪਣੀ ਮਿਹਨਤ ਨਾਲ ਆਪਣਾ ਨਾਮ ਬੁਲੰਦ ਕਰਨਾ ਵੀ ਬਹੁਤ ਵੱਡੀ ਤੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਆਪਣੀ ਮਿਹਨਤ ਦਾ ਲੋਹਾ ਵਿਦੇਸ਼ਾਂ ਵਿੱਚ ਵੀ ਮਨਵਾ ਰਹੇ ਹਨ ਜਿਸ ਕਾਰਨ ਵਿਦੇਸ਼ੀ ਲੋਕ ਵੀ ਪੰਜਾਬੀਆਂ ਨੂੰ ਪਸੰਦ ਕਰਕੇ ਰਾਜਨੀਤੀ ਵਿੱਚ ਜੋ ਸੇਵਾ ਕਰਨ ਦਾ ਮੌਕਾ ਦੇ ਰਹੇ ਹਨ ਇਸ ਨਾਲ ਹੋਰ ਹੌਸਲੇ ਪੰਜਾਬੀ ਮੂਲ ਦੇ ਲੋਕਾਂ ਦੇ ਵੱਧ ਰਹੇ ਹਨ । ਉਨਾਂ ਕਿਹਾ ਕਿ ਇਸ ਤੋਂ ਮਾਣ ਨਾਲ ਹੋਰ ਵੀ ਪੰਜਾਬੀਆਂ ਦਾ ਸਿਰ ਉੱਚਾ ਹੋ ਜਾਂਦਾ ਹੈ ਜਦੋਂ ਵਿਦੇਸ਼ਾਂ ਵਿੱਚ ਸੰਸਦੀ ਚੋਣਾਂ ਵਿੱਚ ਇੱਕ ਨਹੀਂ ਬਲਕਿ ਦੋ ਦੋ ਤਿੰਨ ਤਿੰਨ ਵਾਰ ਪੰਜਾਬੀਆਂ ਦੀ ਹੋਈ ਦਰਜ ਸ਼ਾਨਦਾਰ ਜਿੱਤ ਅੱਗੇ ਆਉਂਦੀ ਹੈ ਅਤੇ ਵਿਦੇਸ਼ਾਂ ਦੇ ਲੋਕ ਪੰਜਾਬੀਆਂ ਨੂੰ ਜਿਤਾ ਕੇ ਹੋਰ ਮਾਣ ਬਖਸ਼ਦੇ ਹਨ ।ਉਨ੍ਹਾਂ ਕਿਹਾ ਕਿ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਹੁਣ ਪੰਜਾਬੀਆਂ ਵੱਲੋਂ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੀ ਮਿਹਨਤ ਅਤੇ ਪਹਿਚਾਣ ਦਾ ਲੋਹਾ ਮਨਵਾਇਆ ਜਾ ਰਿਹਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

## ਰੰਗਲਾ ਪੰਜਾਬ ਬਣਾਉਣ ਲਈ ਚੰਗੇ ਅਕਸ ਵਾਲੇ ਉਮੀਦਵਾਰਾਂ ਅੱਗੇ ਲੈ ਕੇ ਆਉਣ: ਰਾਮੂਵਾਲੀਆ, ਹਰਪੁਰਾ





ਧੂਰੀ, 6 ਜੁਲਾਈ ( ਰਣਜੀਤ ਸਿੰਘ ਪੇਧਨੀ)- ਪੰਜਾਬ ਵਿੱਚ ਪਿੱਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਵਿੱਚੋਂ ਕੁਝ ਸੀਟਾਂ ਤੇ ਜਿਮਨੀ ਇਲੈਕਸ਼ਨ ਹੋਣੀ ਹੈ। ਪੰਜਾਬ ਅਤੇ ਸਰਬੱਤ ਦੇ ਭਲੇ ਦੇ ਲਈ ਉਹਨਾਂ ਜਿਮਨੀ ਚੋਣਾਂ ਦੇ ਵਿੱਚ ਸਮਾਜ ਦੇ ਲਈ ਕੁਝ ਚੰਗਾ ਕਰਨ ਵਾਲੇ ਚੰਗੀ ਦਿੱਖ ਵਾਲੇ ਵਿਅਕਤੀਆਂ ਨੂੰ ਜਿਤਾਉਣਾ ਬਹੁਤ ਜਰੂਰੀ ਹੈ, ਤਾਂ ਜੋ ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਧਸਿਆ ਹੋਇਆ ਉਸ ਨੂੰ ਬਾਹਰ ਕੱਢਣ ਵਿੱਚ ਦੇਸ਼ ਵਿਦੇਸ਼ ਵਿੱਚ ਵਸਦੇ ਸਮੁੱਚੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਪਿਆਰ ਕਰਨ ਵਾਲੇ ਲੋਕ ਕਾਮਯਾਬ ਹੋ ਸਕਣ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਕੇਂਦਰੀ ਮੰਤਰੀ ਸ, ਬਲਵੰਤ ਸਿੰਘ ਰਾਮੂਵਾਲੀਆ ਅਤੇ ਉੱਘੇ ਸਮਾਜ ਸੇਵੀ ਸ, ਜਸਵੰਤ ਸਿੰਘ ਹਰਪੁਰਾ ਨੇ ਕੀਤਾ ।ਉਹਨਾਂ ਕਿਹਾ ਕਿ ਕੁਝ ਕੁ ਪੰਜਾਬ ਦੇ ਰਾਜਨੀਤਿਕ ਲੋਕਾਂ ਨੇ ਪੰਜਾਬ ਨੂੰ ਨਸ਼ੇ ਦੀ ਦਲਦਲ ਵਿੱਚ ਤੱਕ ਕੇ ਬਰਬਾਦੀ ਦੇ ਕੰਢੇ ਤੇ ਲਿਆ ਕੇ ਖੜਾ ਕਰ ਦਿੱਤਾ। ਜਿਸ ਦੇ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਪੰਜਾਬ ਦੇ ਬਸਿੰਦੇ ਭਰਾ ਵੀ ਚਿੰਤਤ ਹਨ। ਉਹ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣਾ ਚਾਹੁੰਦੇ ਹਨ ਪੰਜਾਬ ਦੇ ਲੋਕਾਂ ਦੇ ਸਹਿਯੋਗ ਦੀ ਲੋੜ ਹੈ।



ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ

## ਸਮੂਹ ਸੰਗਤਾਂ ਨੂੰ ਬੇਨਤੀ

# ਚੜ੍ਹਦੀ ਕਲਾ ਵਿੱਚ ਰਹਿ ਵਾਹਿਗੁਰੂ ਦੇ ਭਾਣੇ ਨੂੰ ਮੰਨ, ਭਾਈ ਸਾਹਿਬ ਦੀ ਆਤਮਿਕ ਸ਼ਾਂਤੀ ਲਈ ਪਾਠ ਜਾਪ ਕਰਨ







**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫਤਹਿ ॥**

ਦੁਨੀਆ ਭਰ ਵਿੱਚ ਵੱਸਦੇ ਸਮੂਹ ਖਾਲਿਸਤਾਨ ਦੇ ਹਮਦਰਦ ਦੋਸਤਾਂ ਮਿੱਤਰਾਂ ਨੂੰ ਸੂਚਿਤ ਕਰਦੀ ਹਾਂ ਕਿ ਮੈਦਾਨੇ ਜੰਗ ਦੇ ਜਲਾਵਤਨੀ ਖਾਲਿਸਤਾਨ ਸਿੱਖ ਯੋਧਾ ਤੇ ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਜੀ ਵਾਹਿਗੁਰੂ ਜੀ ਵੱਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਪੂਰੀ ਕਰਦਿਆਂ ਹੋਏ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।

**ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਬਾਪੂ ਜੀ ਦੇ ਆਖਰੀ ਸੁਪਨੇ ਖਾਲਿਸਤਾਨ ਦੀ ਅਜ਼ਾਦੀ ਤੇ ਸਵੈ-ਮਾਣ ਨਾਲ ਜਿਉਣ ਦੇ ਸੰਕਲਪ ਨੂੰ ਤੁਸੀ ਇਕਮੁੱਠ ਹੋ ਕੇ ਪੂਰਾ ਕਰੋਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਉਹ ਚੜ੍ਹਦੀ ਕਲਾ ਵਿੱਚ ਰਹਿ ਵਾਹਿਗੁਰੂ ਦੇ ਭਾਣੇ ਨੂੰ ਮੰਨ, ਭਾਈ ਸਾਹਿਬ ਦੀ ਆਤਮਿਕ ਸ਼ਾਂਤੀ ਲਈ ਪਾਠ ਜਾਪ ਕਰਨ।**

**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫਤਹਿ ॥**

**It is with sadness to inform you about the passing away of my father, Bhai Gajinder Singh , Dal Khalsa.**

My father was not just a parent to me; he was a hero, a symbol of resilience, and an unwavering commitment to justice. His life was a testament to the power of conviction, as he spent four decades in exile, fighting for the cause of Khalistan. His legacy, recounting his extraordinary journey and the values he instilled in those who knew him. Born into a time of political and social upheaval, my father was deeply influenced by the oppressive conditions faced by Sikhs in our homeland. From a young age, he exhibited a strong sense of justice and an unyielding desire to see his community free from oppression. His early life was marked by activism, as he vision and the movement for independence panjab called Khalistan and quickly became a prominent figure in the struggle for Sikh sovereignty, from the 1971 of throwing leaflets at Indira Gandhi as a youth age to the involvement of 1981 hijacking. As his involvement in the Khalistan movement grew, so did the dangers. He faced with persecution, imprisonment, and threats to his life, my father painful decision to go into exile for nearly four decades. Four decades, he lived away from his homeland, enduring the hardships of separation from family and friends. Despite the distance, his spirit remained unbroken. He continued to lead, organize, and inspire from afar, becoming a beacon of hope for those who continued the struggle at home. Even in exile, my father's impact was profound. He forged alliances with international organizations, raising awareness about the plight of Sikhs and garnering support for the cause of Khalistan. His tireless efforts led to significant milestones in the movement, including policy changes and increased global attention. His speeches and writings became rallying cries for freedom fighters, echoing his unwavering belief in justice and self-determination for the Sikh people. In reflecting on my father's life, I am filled with pride and gratitude. His journey as a Khalistan freedom fighter, marked by decades of exile, is a powerful testament to his character and commitment. His legacy continues to inspire and guide us, reminding us of the importance of standing up for what is right, no matter the cost. My father's life was a beacon of hope and a call to action, and his memory will forever live on in the hearts of those who strive for a better, freer world for the Sikh community. His dream and vision for Khalistan.

ਆਵਾਜ਼ਿ ਕੌਮ AWAZE QAUM International Newspaper & WEB TV

## ਤੁਹਾਡੀ ਧੀ

# ਬਿਕਰਮਜੀਤ ਕੋਰ ਪੁੱਤਰੀ ਭਾਈ ਗਜਿੰਦਰ ਸਿੰਘ

# ਇੱਕ ਨਜ਼ਰ



## ਸੀਨੀਅਰ ਸਿਟੀਜਨ ਵੈਲ.ਫੇਅਰ ਐਸੋਸ਼ੀਏਸ਼ਨ ਧੂਰੀ ਦੀ ਚੋਣ ਮੀਟਿੰਗ ਦੌਰਾਨ ਜਗਦੀਸ ਸਰਮਾ ਬਣੇ ਪ੍ਰਧਾਨ, ਸਰਬਜੀਤ ਰਾਜੋਮਾਜਰਾ ਜਰਨਲ ਸਕੱਤਰ

ਧੂਰੀ, 6 ਜੁਲਾਈ ( ਰਣਜੀਤ ਸਿੰਘ ਪੇਧਨੀ)-ਸੀਨੀਅਰ ਸਿਟੀਜਨ ਵੈਲ.ਫੇਅਰ ਐਸੋਸ਼ੀਏਸ਼ਨ ਦੀ ਮੀਟਿੰਗ ਜਗਦੀਸ਼ ਸ਼ਰਮਾ ਜੀ ਦੀ ਪ੍ਰਧਾਨਗੀ ਹੇਠ ਐਸੋਸ਼ੀਏਸ਼ਨ ਦੇ ਦਫ਼ਤਰ ਵਿਚ ਹੋਈ। ਮੀਟਿੰਗ ਵਿੱਚ ਸ਼ਹਿਰ ਨਾਲ ਸੰਬੰਧਿਤ ਵਿਕਾਸ ਦੇ ਮੁਦਿਆਂ ਤੇ ਵਿਸਥਾਰ ਸਹਿਤ ਰਿਪੋਰਟ ਪੇਸ਼ ਕੀਤੀ ਗਈ, ਪ੍ਰਧਾਨ ਜੀ ਵਲੋਂ ਐਸੋਸ਼ੀਏਸ਼ਨ ਨੂੰ ਹੋਰ ਮਜਬੂਤ ਬਣਾਉਣ ਲਈ ਆਪਣੇ ਵਿਚਾਰ ਪੇਸ਼ ਕੀਤੇ ,ਪਿਛਲੇ ਸਾਲ ਦਾ ਲੇਖਾ ਜੋਖਾ ਜਨਰਲ ਸਕੱਤਰ ਵੱਲੋ ਦੱਸਿਆ ਗਿਆ , ਆਮਦਨ ਤੇ ਖ਼ਰਚ ਦੀ ਡਿਟੇਲ ਰਿਪੋਰਟ ਜਨਰਲ ਹਾਊਸ ਦੇ ਸਾਹਮਣੇ ਪੇਸ਼ ਕੀਤੀ।ਇਸ ਉਪਰੰਤ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਅਗਲੇ ਦੋ ਸਾਲਾਂ ਲਈ ਨਵੀਂ ਟੀਮ ਦੇ ਸੁਝਾਵਾਂ ਦੀ ਬੇਨਤੀ ਕਰਦਿਆਂ ਬੁਲਾਰਿਆਂ ਤੋਂ ਅਗਲੇ ਸਮੇਂ ਦੀ ਟੀਮ ਲਈ ਉਨ੍ਹਾਂ ਦੇ ਸੁਝਾਅ ਮੰਗੇ। ਬਹੁਤ ਹੀ ਜ਼ੁੰਮੇਵਾਰ ਤੇ ਸੂਝਵਾਨ ਆਗੂਆਂ ਸਰਵ ਸ੍ਰੀ ਹਰਦੀਪ ਸਿੰਘ, ਹਰਜਿੰਦਰ ਸਿੰਘ ਢੀਂਡਸਾ,ਬਾਲ ਕ੍ਰਿਸ਼ਨ ਬਾਲੀ,ਮਲਕੀਤ ਸਿੰਘ ਚਾਂਗਲੀ ,ਡਾਕਟਰ ਅਮਰਜੀਤ ਸਿੰਘ, ਗੁਰਦੀਪ ਸਿੰਘ ਸਾਰੋਂ,ਜਸਦੇਵ ਸਿੰਘ ਨੇ ਆਪਣੇ ਵਿਚਾਰਾਂ ਰਾਹੀਂ ਜਨਰਲ ਇਜਲਾਸ ਨੂੰ ਸੰਬੋਧਨ ਕਰਦਿਆਂ ਸਰਬ ਸੰਮਤੀ ਨਾਲ, ਚੋਣ ਕਰਨ ਦੀ ਅਪੀਲ ਕੀਤੀ , ਆਗੂਆਂ ਦੇ ਵਿਚਾਰ ਸੁਨਣ ਉਪਰੰਤ ਇਜਲਾਸ ਨੇ ਸਰਬ ਸੰਮਤੀ ਨਾਲ ਪ੍ਰਧਾਨਗੀ ਲਈ ਜਗਦੀਸ਼ ਸ਼ਰਮਾ ਜੀ ਅਤੇ ਜਨਰਲ ਸਕੱਤਰ ਵਜੋਂ ਸਰਬਜੀਤ ਸਿੰਘ ਦੀ ਚੋਣ ਦੀ ਪ੍ਰਵਾਨਗੀ ਜੈਕਾਰਿਆਂ ਨਾਲ ਦਿੱਤੀ, ਉਪਰੰਤ ਜੁਲਾਈ ਮਹੀਨੇ ਵਿੱਚ ਜਨਮੇ ਸੀਨੀਅਰ ਸਿਟੀਜਨ ਸਾਥੀਆਂ ਦਾ ਜਨਮਦਿਨ ਮਨਾਉਂਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਕੇ ਉਨਾਂ ਦੇ ਰੰਗ ਬਰੰਗੇ ਹਾਰ ਪਾਕੇ ਅਤੇ ਜਨਮ ਦੇ ਗਿਫਟਾਂ ਨਾਲਾ ਸਨਮਾਨਿਤ ਕੀਤਾ,ਗਿਆ ਮੀਟਿੰਗ ਵਿੱਚ ਸਾਰੇ ਇੱ ਸਾਥੀਆਂ ਦੀ ਲੰਮੀ ਉਮਰ ਤੇ ਤੰਦਰੁਸਤ ਤੇ ਸੁਖੀ ਜੀਵਨ ਦੀ ਕਾਮਨਾ ਕੀਤੀ ਗਈ। ਪ੍ਰੋਗਰਾਮ ਨੂੰ ਰੰਗਲਾ ਬਣਾਉਂਦਿਆਂ ਡਾਕਟਰ ਕੁਲਜੀਤ ਧਵਨ , ਗੁਰਦਿਆਲ ਨਿਰਮਾਣ ਨੇ ਉਨਾਂ ਦਾ ਰਿਕਾਰਡ ਲੋਕ ਗੀਤ ਸੁਣਾ ਕੇ ਸਭਨਾਂ ਦਾ ਮਨ ਮੋਹ ਲਿਆ ਮੀਟਿੰਗ ਦੀ ਸਮਾਪਤੀ ਕਰਦਿਆਂ ਐਸੋਸ਼ੀਏਸ਼ਨ ਦੇ ਸੀਨੀਅਰ ਮੈਂਬਰ ਚਰਨਜੀਤ ਸਿੰਘ ਕੈਂਥ ਨੇ ਸਾਰੇ ਹੀ ਮੈਂਬਰਾਂ ਦਾ ਚੋਣ ਸਰਬਸੰਮਤੀ ਨਾਲ ਕਰਨ ਲਈ ਅਤੇ ਮੀਟਿੰਗ ਵਿੱਚ ਭਰਵੀਂ ਹਾਜ਼ਰੀ ਲਵਾਉਣ ਲਈ ਬਹੁਤ ਬਹੁਤ ਧੰਨਵਾਦ ਕੀਤਾ।

## ਭਾਈ ਗਜਿੰਦਰ ਸਿੰਘ ਦਲ ਖਾਲਸਾ ਦਾ ਵਿਛੋੜਾ ਖਾਲਸਾ ਪੰਥ ਦੇ ਚਲ ਰਹੇ ਸੰਘਰਸ਼ ਨੂੰ ਨਾ ਪੂਰਨ ਹੋਣ ਵਾਲਾ ਘਾਟਾ : ਸਿੱਖ ਫੈਡਰੇਸ਼ਨ ਯੂਕੇ

ਨਵੀਂ ਦਿੱਲੀ 6 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):-ਖਾਲਿਸਤਾਨ ਦੇ ਸਿਪਾਹ ਸਲਾਰ ਅਤੇ ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਆਪ ਜੀ ਦਾ ਸੰਘਰਸ਼ਸ਼ੀਲ ਜੀਵਨ 1975 ਵਿੱਚ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੇ ਵਿਰੋਧ ਵਜੋਂ ਸ਼ੁਰੂ ਹੋ ਗਿਆ ਸੀ ।ਉਸ ਤੋਂ ਬਾਅਦ 1981 ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਇੰਡੀਅਨ ਏਅਰਲਾਈਨਜ਼ ਦਾ ਜਹਾਜ ਹਾਈਜੈਕ ਕਰਕੇ ਪਾਕਿਸਤਾਨ ਲੈ ਗਏ ਸਨ। ਜਿਸਦੀ ਸਜ਼ਾ ਕੋਟ ਲਖਪਤ ਜੇਲ੍ਹ ਵਿੱਚ ਕੱਟੀ। ਉਸਤੋਂ ਉਪਰੰਤ ਪਾਕਿਸਤਾਨ ਵਿੱਚ ਜਲਾਵਤਨੀ ਜੀਵਨ ਗੁਜਾਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਸ. ਗਜਿੰਦਰ ਸਿੰਘ ਜਿਨ੍ਹਾਂ ਨੇ ਲੰਮਾਂ ਸਮਾਂ ਨਿਰਸਵਾਰਥ ਹੋ ਕੇ ਖ਼ਾਲਸਾ ਪੰਥ ਦੀ ਸੰਪੂਰਨ ਬਾਦਸਾਹੀ ਆਜਾਦ ਸਿੱਖ ਰਾਜ ਦੇ ਮਿਸਨ ਦੀ ਪ੍ਰਾਪਤੀ ਅਧੀਨ ਪੰਜਾਬੀਆਂ ਤੇ ਸਿੱਖ ਕੌਮ ਨਾਲ



ਹੁਕਮਰਾਨਾਂ ਵੱਲੋਂ ਕੀਤੀਆ ਜਾਂਦੀਆ ਆ ਰਹੀਆ ਜਿਆਦਤੀਆ ਤੇ ਵਿਤਕਰਿਆ ਵਿਰੁੱਧ ਨਿਰੰਤਰ ਬੀਤੇ ਲੰਮੇ ਸਮੇ ਤੋ ਦ੍ਰਿੜਤਾਪੂਰਵਕ ਜੱਦੋ-ਜਹਿਦ ਕੀਤੀ ਅਤੇ ਜਲਾਵਤਨੀ ਹੋ ਕੇ ਪਾਕਿਸਤਾਨ ਵਿਚ ਲੰਮਾਂ ਸਮਾਂ ਵਿਚਰਦੇ ਰਹੇ ਅਤੇ ਆਪਣੀਆ ਕੌਮੀ ਜਿੰਮੇਵਾਰੀਆ ਨੂੰ ਵੀ ਬਾਖੂਬੀ ਸਿਧਾਂਤਿਕ ਤੇ ਕੌਮੀ ਸੋਚ ਤੇ ਪਹਿਰਾ ਦਿੰਦੇ ਹੋਏ ਸਹੀ ਲੀਹਾਂ ਤੇ ਲਿਖਦੇ, ਪੜ੍ਹਦੇ ਅਤੇ ਕੌਮ ਨਾਲ ਵਿਚਾਰਾਂ ਕਰਦੇ ਰਹੇ ।ਅਸੀਂ ਸਿੱਖ ਫੈਡਰੇਸ਼ਨ ਯੂਕੇ ਜਥੇਬੰਦੀ ਦੇ ਸਮੂਹ ਮੈਂਬਰਾਂ ਵੱਲੋਂ ਭਾਈ ਸਾਹਿਬ ਜੀ ਦੇ ਸੰਘਰਸ਼ ਮਈ ਜੀਵਨ ਨੂੰ ਕੇਸਰੀ ਪ੍ਰਣਾਮ ਕਰਦੇ ਹੋਏ ਅਰਦਾਸ ਬੇਨਤੀ ਕਰਦੇ ਹਾਂ ਕਿ ਗੁਰੂ ਮਹਾਰਾਜ ਦੀ ਆਪ ਜੀ ਦੀ ਆਤਮਾ ਨੂੰ ਸਦੀਵ ਕਾਲ ਅਪਣੇ ਪਾਵਨ ਚਰਨਾਂ ਵਿੱਚ ਨਿਵਾਸ ਬਖਸ਼ਣ। ਸਿੱਖ ਫੈਡਰੇਸ਼ਨ ਯੂਕੇ ਆਪ ਜੀ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ ਰਿਣੀ ਰਹੇਗੀ।

## ਸਵ: ਸੰਦੀਪ ਸਿੰਘ ਗਿੱਲ ਜੱਖਲਾਂ ਦਾ ਸ਼ਰਧਾਂਜਲੀ ਸਮਾਗਮ ਅੱਜ

ਧੂਰੀ, 6 ਜੁਲਾਈ ( ਰਣਜੀਤ ਸਿੰਘ)- ਕਬੱਡੀ ਖੇਡ ਮੇਲਿਆਂ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਧੂਰੀ ਇਲਾਕੇ ਦੇ ਪਿੰਡ ਜੱਖਲਾਂ ਦੇ ਨੌਜਵਾਨ ਸੰਦੀਪ ਸਿੰਘ ਗਿੱਲ ਯੂ.ਐਸ.ਏ ਭਰ ਜਵਾਨੀ ਵਿੱਚ ਆਪਣੀ ਬਜ਼ੁਰਗ ਮਾਤਾ ਹਰਬੰਸ ਕੌਰ , ਪਿਤਾ ਗੁਰਨਾਮ ਸਿੰਘ ਆਪਣੇ ਛੋਟੇ ਜਿਹੇ ਮਾਸੂਮ ਪੁੱਤਰ ਗੁਰਤਾਜ ਸਿੰਘ ਯੂ.ਐਸ.ਏ , ਦੋਸਤਾਂ ਮਿੱਤਰਾਂ , ਭੈਣ ਭਰਾਵਾ ਅਤੇ ਰਿਸ਼ਤੇਦਾਰਾਂ ਨੂੰ ਰੋਂਦਿਆਂ ਕਰਲਾਉਂਦਿਆਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਦੇ ਭਰਾ ਸਮਾਜ ਸੇਵੀ ਹਰਦੀਪ ਸਿੰਘ ਬਬਲੂ ਜੱਖਲਾਂ (ਯੂ.ਐਸ.ਏ ) ਨੇ ਭਰੇ ਮਨ ਨਾਲ ਦੱਸਿਆ ਕਿ ਸਾਡੇ ਭਰਾ ਸੰਦੀਪ ਸਿੰਘ ਗਿੱਲ ਦਾ ਅੰਤਿਮ ਸ਼ਰਧਾਂਜਲੀ ਸਮਾਗਮ ਪਿੰਡ ਜੱਖਲਾਂ ਦੇ ਗੁਰਦੁਆਰਾ ਸਾਹਿਬ ਵਿਖੇ 7 ਜੁਲਾਈ ਨੂੰ 12 ਤੋਂ 1 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਸਮਾਜ ਸੇਵੀ ਸ੍ਰੀ ਬਬਲੂ ਜੱਖਲਾ ਨੇ ਦੱਸਿਆ ਕਿ ਸਾਡੇ ਭਰਾ ਸਵ: ਸੰਦੀਪ ਸਿੰਘ ਗਿੱਲ ਦੇ ਅਕਾਲ ਚਲਾਣੇ ਨਾਲ ਸਾਡੀਆਂ ਮਾਵਾਂ , ਭੈਣਾਂ ਤੋਂ ਇਲਾਵਾ ਸਾਡੇ ਸਾਡੇ ਤਾਇਆ ਜੀ ਸ: ਸਰਵਣ ਸਿੰਘ , ਮਾਸਟਰ ਰਾਮ ਸਿੰਘ , ਗੋਬਿੰਦਰ ਸਿੰਘ , ਰਣਜੀਤ ਸਿੰਘ, ਮਲਕੀਤ ਸਿੰਘ , ਮਾਮਾ ਹਰਜਿੰਦਰ ਸਿੰਘ ਅਤੇ ਸਾਡੇ ਵੀਰ ਸੰਦੀਪ ਗਿੱਲ ਦੇ ਭਰਾ ਸੁਖਵਿੰਦਰ ਸਿੰਘ , ਜਸਵੀਰ ਸਿੰਘ , ਜਗਰਾਜ ਸਿੰਘ , ਸਤਬੀਰ ਸਿੰਘ , ਜਗਮੀਤ ਸਿੰਘ ਤੋਂ ਇਲਾਵਾ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਗਹਿਰਾ ਸਦਮਾ ਲੱਗਿਆ ਹੈ। ਸਵ: ਸੰਦੀਪ ਗਿੱਲ ਦੇ ਨੇੜਲੇ ਦੋਸਤਾਂ ਵਿੱਚੋਂ ਸਰਪੰਚ ਹਰਦੀਪ ਸਿੰਘ ਦੌਲਤਪੁਰ , ਮੀਰੀ ਪੀਰੀ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਗੁਰਸੇਵ ਸਿੰਘ ਸੇਬੀ ਕਾਂਝਲਾ, ਪ੍ਰੋਫੈਸਰ ਦਵਿੰਦਰ ਮਾਨਾ , ਕਬੱਡੀ ਕਮੈਂਟਰ ਹਰਪ੍ਰੀਤ ਸਿੰਘ ਸੰਧੂ ਅਤੇ ਸਵਰਨ ਸਿੰਘ ਸੰਧੂ ( ਸੰਧੂ ਬਰਦਰਜ ) ਸਮਾਜ ਸੇਵੀ ਅਤੇ ਸਟੇਟ ਐਵਾਰਡੀ , ਭਾਨ ਸਿੰਘ ਜੱਸੀ ਨੇ ਦੱਸਿਆ ਕਿ ਬਾਈ ਸੰਦੀਪ ਗਿੱਲ ਜੀ ਵੱਲੋਂ ਖੇਡਾਂ ਅਤੇ ਸਮਾਜ ਸੇਵਾ ਦੇ ਖੇਤਰ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾਏਗਾ, ਉਨਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪਰਿਵਾਰ ਨਾਲ ਹਰ ਸੰਕਟ ਦੀ ਘੜੀ ਵਿੱਚ ਡੱਟਕੇ ਖੜਨ ਦਾ ਐਲਾਨ ਕੀਤਾ। ਰਣਜੀਤ ਸਿੰਘ ਘਨੌਰ , ਜਤਿੰਦਰ ਸਿੰਘ ਕੇਹਰੂ , ਸੁਖਦੀਪ ਸਿੰਘ ਚੀਮਾ , ਜੱਸਾ ਸਿੰਘ ਢਢੋਗਲ , ਜੱਸੀ ਧੂਰੀ , ਕਰਮਜੀਤ ਬੱਬਨਪੁਰ ਅਤੇ ਸਰਪੰਚ ਗੁਰਪਿਆਰ ਸਿੰਘ ਧੂਰਾ ਆਦਿ ਦੋਸਤਾਂ ਨੇ ਜੱਖਲਾ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸਨੇਹ ਰੱਖਣ ਵਾਲੇ ਸਾਰੇ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ।



## ਮੇਰੇ ਸਰੀਰ ਦੀਆਂ ਮੇਰੇ ਨਾਲ ਗੱਲਾਂ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**ਸਾਡਾ ਸਰੀਰ ਸਾਡਾ ਜੀਵਨ ਹੈ ।ਦੂਜੇ ਸ਼ਬਦਾਂ ਵਿਚ ਸਰੀਰ ਤੋਂ ਬਿਨਾ** ਅਸੀਂ ਆਪਣੇ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ ।ਇਹ ਸਾਡਾ ਸਰੀਰ ਹੀ ਹੈ ਜੋ ਸਾਨੂੰ ਏਸ ਸਮਰੱਥ ਬਣਾਉਂਦਾ ਹੈ ਕਿ ਅਸੀਂ ਕਾਮਯਾਬੀ ਦੀਆਂ ਮੰਜਿਲਾਂ ਸਰ ਕਰਕੇ ਬੁਲੰਦੀਆਂ ਤੱਕ ਪਹੁੰਚੀਏ ।ਸਮਾਜ ਵਿਚ ਸਾਡੀ ਪਹਿਚਾਣ ਇਸੇ ਦੁਆਰਾ ਹੀ ਬਣਦੀ ਹੈ, ਇਥੋਂ ਤੱਕ ਕਿ ਕਈ ਵਾਰ ਕੋਈ ਸਮਾਜਿਕ ਰੁਤਬਾ ਵੀ ਸਰੀਰ ਨੂੰ ਹੀ ਮੁੱਖ ਰੱਖਕੇ ਮਿਲਦਾ ਹੈ ।ਰਿਸ਼ਤੇ ਨਾਤਿਆਂ ਵਿਚ ਸਰੀਰ ਦੀ ਬੜੀ ਅਹਿਮੀਅਤ ਹੈ, ਬਹੁਤੀ ਵਾਰ ਸਰੀਰ ਦੀ ਵਜ੍ਹਾ ਨਾਲ ਹੀ ਰਿਸ਼ਤੇ ਬਣਦੇ ਤੇ ਵਿਗੜਦੇ ਹਨ ।ਬੇਸ਼ੱਕ ਮੂੰਹ ਸਰੀਰ ਦਾ ਇਕ ਅੰਗ ਹੈ, ਜੋ ਖਾਂਦਾ ਤੇ ਬੋਲਦਾ ਹੈ, ਪਰ ਉਹ ਜੋ ਵੀ ਬੋਲਦਾ ਹੈ, ਸਾਡੀ ਬੋਲੀ ਬੋਲਦਾ ਹੈ, ਸਰੀਰ ਦੀ ਨਹੀਂ ।ਮੰਨ ਲਓ ਕਿ ਜੇਕਰ ਸਾਡਾ ਸਰੀਰ ਬੋਲਦਾ ਹੁੰਦਾ ਤਾਂ ਸਾਨੂੰ ਕੀ ਕਹਿੰਦਾ, ਇਹ ਹਥਲੀ ਚਰਚਾ ਇਸੇ ਨੁਕਤੇ ਨੂੰ ਮੁੱਖ ਰੱਖਕੇ ਕੀਤੀ ਜਾ ਰਹੀ ਹੈ ।ਮੇਰੇ ਸਰੀਰ ਨੇ ਇਕ ਦਿਨ ਮੇਰੇ ਨਾਲ ਜੋ ਗੱਲਾਂ ਬਾਤਾਂ ਕੀਤੀਆਂ, ਇਥੇ ਮੈਂ ਉਹਨਾਂ ਨੂੰ ਇਨਬਿਨ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ, ਤੇ ਲਓ ਫੇਰ ਪੇਸ਼ ਹਨ ਮੇਰੇ ਸਰੀਰ ਦੀਆਂ ਮੇਰੇ ਨਾਲ ਗੱਲਾਂ ।ਕਿੱਦਾ ਬਈ ਸ਼ਿੰਗਾਰਾ ਸਿੰਹਾਂ, ਕੀ ਹਾਲ ਹੈ ? ਮੈ ਤੇਰਾ ਸਰੀਰ ਬੋਲ ਰਿਹਾਂ । ਪਹਿਲਾਂ ਤਾਂ ਤੇਰਾ ਮੈ ਧੰਨਵਾਦ ਕਰਦਾ ਹਾਂ ਕਿ ਤੂੰ ਮੇਰਾ ਖਿਆਲ ਰੱਖਦਾ ਹੈਂ , ਪਰ ਮੇਰਾ ਤੇਰੇ ਨਾਲ ਇੱਕ ਗਿਲਾ ਵੀ ਹੈ ਕਿ ਤੂੰ ਮੇਰਾ ਉਨਾ ਖਿਆਲ ਨਹੀਂ ਰੱਖਦਾ, ਜਿੰਨਾ ਤੈਨੂੰ ਮੇਰਾ ਖਿਆਲ ਰੱਖਣਾ ਚਾਹੀਦਾ ਹੈ ।ਇਸ ਕਰਕੇ ਮੈਂ ਤੇਰੇ ਨਾਲ ਨਰਾਜ ਵੀ ਹਾਂ ।ਤੂੰ ਮੇਰੀ ਵਰਤੋਂ ਵੱਧ ਕਰਦਾ ਹੈਂ ਤੇ ਖਿਆਲ ਘੱਟ ਰੱਖਦਾ ਹੈਂ, ਮੈਨੂੰ ਬਹੁਤੀ ਵਾਰ ਇਸ ਤਰਾਂ ਲਗਦਾ ਹੈ ਕਿ ਤੂੰ ਇਕ ਮਤਲਬ ਪ੍ਰਸਤ ਬੰਦਾ ਹੈਂ , ਇਸ ਕਰਕੇ ਜਦੋਂ ਮੇਰੀ ਲੋੜ ਹੁੰਦੀ ਹੈ ਤਾਂ ਖਿਆਲ ਰੱਖ ਲੈਂਦਾ ਹੈਂ ਨਹੀਂ ਤਾਂ ਮੇਰੇ ਵੱਲ ਕੰਡ ਕਰ ਲੈਂਦਾ ਹੈਂ । ਸ਼ਿੰਗਾਰਾ ਸਿੰਹਾਂ ! ਤੂੰ ਚੰਦ ਛਿਲੜਾ ਬਦਲੇ ਮੇਰੀ ਧੂਹ ਘਸ਼ੀਟ ਵੀ ਬਹੁਤ ਕਰਦਾ ਹੈ, ਮੈਨੂੰ ਭੁੱਖਾ ਤੇ ਪਿਆਸਾ ਰੱਖਦਾ ਹੈਂ, ਲੋੜ ਵੇਲੇ ਮੈਨੂੰ ਭੋਜਨ ਨਹੀਂ ਦੇਂਦਾ ਜਾਂ ਫਿਰ ਜੋ ਹੱਥ ਆਇਆ ਬਿਨਾ ਸੋਚੇ ਸਮਝੇ ਖਾਈ ਜਾਂਦਾ ਹੈਂ ।ਇਸ ਕਰਕੇ ਕਈ ਵਾਰ ਮੈਨੂੰ ਬੜੀ ਤਕਲੀਫ ਹੰਦੀ ਹੈ, ਕਦੀ ਮਰੋੜ ਤੇ ਕਦੀ ਕਬਜ ਹੁੰਦੀ ਹੈ, ਪਰ ਤੂੰ ਪਰਵਾਹ ਨਹੀ ਕਰਦਾ ਤੇ ਮੇਰੇ ਨਾਲ ਧੱਕੇ ਦਰ ਧੱਕਾ ਕਰਦਾ ਚਲਿਆ ਜਾਂਦਾ ਹੈਂ ।ਮੇਰੀ ਗੱਲ ਕੰਨ ਖੋਹਲਕੇ ਸੁਣ, ਤੂੰ ਮੇਰਾ ਖਿਆਲ ਰੱਖਕੇ, ਮੇਰੇ ਉੱਤੇ ਕੋਈ ਅਹਿਸਾਨ ਨਹੀਂ ਕਰਦਾ ਕਿਉਂਕਿ ਜੇਕਰ ਤੂੰ ਮੇਰਾ ਖਿਆਲ ਰੱਖਦੈਂ ਤਾਂ ਮੈਂ ਵੀ ਤੇਰਾ ਖਿਆਲ ਰੱਖਦਾ ਹਾਂ, ਤੂੰ ਜਿਹੜੇ ਵੀ ਮਿਸ਼ਨ ਨੂੰ ਫਤਿਹ ਕਰਨਾ ਹੁੰਦਾ ਹੈ, ਮੈਂ ਉਸ ਵਾਸਤੇ ਆਪਣੀ ਪੂਰੀ ਹਿੰਮਤ ਅਤੇ ਐਨਰਜੀ ਸਮੇਤ ਤੇਰੇ ਨਾਲ ਖੜ੍ਹਾ ਹੁੰਦਾ ਹਾਂ ।ਪਰ ਫਿਰ ਵੀ ਮੈ ਤੈਨੂੰ ਅੱਜ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਪੌਸਟਿਕ ਭੋਜਨ ਖੁਆਉਦਾ ਰਹਿ, ਮੇਰੀ ਕਸਰਤ ਕਰਾਉਂਦਾ ਰਹਿ ਤੇ ਮੇਰੀ ਸਾਫ ਸਫਾਈ ਦਾ ਖਿਆਲ ਰੱਖ ।ਇਸ ਦੇ ਬਦਲੇ ਮੈਂ ਤੇਰੀ ਹਰ ਲੋੜ ਪੂਰੀ ਕਰਦਾ ਰਹਾਂਗਾ ।ਤੈਨੂੰ ਏਨੀ ਕੁ ਫੁਰਤੀ ਤੇ ਐਨਰਜੀ ਦੇਂਦਾ ਰਹਾਗਾ ਕਿ ਤੈਨੂੰ ਕਦੇ ਵੀ ਕਿਸੇ ਤਰਾਂ ਦੀ ਟੋਟ ਨਹੀਂ ਆਵੇਗੀ ।ਕਿਸੇ ਅਗੇ ਹੱਥ ਅੱਡਣ ਦੀ ਜਰੂਰਸ ਨਹੀ ਪਵੇਗੀ ਤੇ ਨਾ ਹੀ ਕਿਸੇ ਦਾ ਸਹਾਰਾ ਲੱਭਣਾ ਪਵੇਗਾ ਕਿਉਕਿ ਮੈ ਆਪਣੇ ਸਾਰੇ ਅੰਗਾ ਨੂੰ ਤੇਰੀ ਭਲਾਈ ਵਾਸਤੇ ਲਗਾ ਦਿਆਗਾ ਤੇ ਉਹ ਪੂਰੇ ਸਮਰਪਣ ਦੀ ਭਾਵਨਾ ਨਾਲ ਤੇਰੀ ਬੇਹਤਰੀ ਵਾਸਤੇ ਕੰਮ ਕਰਦੇ ਰਹਿਣਗੇ ।ਸ਼ਿੰਗਾਰਾ ਸਿੰਹਾਂ !ਕੀ ਤੈਨੂੰ ਯਾਦ ਹੈ ਕਿ ਤੂੰ ਕਈ ਸਾਲ ਮੇਰਾ ਬਿਲਕੁਲ ਵੀ ਧਿਆਨ ਨਹੀਂ ਰੱਖਿਆ ਤੇ ਮੈਂ ਉਹ ਸਾਰੇ ਸਾਲ ਬਹੁਤ ਦੁੱਖ ਤੇ ਤੰਗੀ ਵਿਚ ਕੱਟੇ ਹਨ ।ਕਈ ਬਿਮਾਰੀਆਂ ਦਾ ਸਾਹਮਣਾ ਕੀਤਾ, ਕਈ ਵਾਰ ਬਿਮਾਰੀਆ ਨਾਲ ਕਮਜੋਰ, ਨੱਢਾਲ ਤੇ ਬੇਹਾਲ ਵੀ ਹੋਇਆ ਪਰ ਫਿਰ ਵੀ ਮੈ ਤੇ ਮੇਰੇ ਪਰਿਵਾਰ ।ਸਰੀਰ ਦੇ ਬਾਕੀ ਅੰਗਾਂ) ਤੇਰਾ ਲਾਥ ਨਹੀ ਛੱਡਿਆ, ਆਪ ਦੁੱਖ ਝੱਲਕੇ ਵੀ, ਤੈਨੂੰ ਹਰ ਸਹੂਲਤ ਪਰਦਾਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਮੈਂ ਤੈਨੂੰ ਦੱਸਣਾ ਚਾਹੰਦਾ ਹਾਂ ਤੇ ਖਬਰਦਾਰ ਵੀ ਕਰਨਾ ਚਾਹੰਦਾ ਹਾਂ ਕਿ ਮੇਰੇ ਬਿਨਾ ਤੇਰਾ ਆਪਣਾ ਕੋਈ ਵੀ ਵਜੂਦ ਨਹੀ, ਮੇਰੇ ਬਿਨਾ ਤੇਰਾ ਕੋਈ ਵੀ ਸਕਾ ਸੁਹੇਲਾ ਅਤੇ ਰਿਸ਼ਤੇਦਾਰ ਨਹੀਂ, ਜੇਕਰ ਮੈ ਹੁਣ ਬਿਮਾਰ ਹੋ ਗਿਆ ਤੇਰੀ ਬਾਤ ਪੁੱਛਣ ਵਾਲਾ ਵੀ ਕੋਈ ਨਹੀਂ ।ਇਹ ਮੈ ਹੀ ਹਾਂ, ਜੋ ਤੈਨੂੰ ਸੰਭਾਲਦਾ ਹਾਂ, ਹਰ ਜਗਾ ਲੈ ਕੇ ਜਾਂਦਾ ਹਾਂ ਜਦ ਕਿ ਇਹ ਤੈਨੂੰ ਵੀ ਪਤਾ ਹੈ ਕਿ ਮੇਰੇ ਬਿਨਾ ਤੂੰ ਕਿਧਰੇ ਵੀ ਨਹੀਂ ਜਾ ਸਕਦਾ ।ਜੇਕਰ ਮੈ ਬਿਮਾਰ ਹੋ ਗਿਆ ਤਾਂ ਤੂੰ ਵੀ ਮੰਜੇ 'ਤੇ ਪੈ ਜਾਵੇਗਾ ।ਜੇਕਰ ਮੈ ਪਹਾੜ ਚੜ ਗਿਆ ਤਾ ਤੂੰ ਵੀ ਚੜ੍ਹ ਜਾਵੇਂਗਾ ।ਮੇਰੀ ਸ਼ਿਕਾਇਤ ਇਹ ਹੈ ਕਿ ਹੁਣ ਛੇ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਸ਼ਿੰਗਾਰਾ ਸਿੰਹਾ ! ਮੈਨੂੰ ਇਹ ਗੱਲ ਬਹੁਤ ਦੁੱਖ ਨਾਲ ਕਹਿਣੀ ਪੈ ਰਹੀ ਹੈ ਕਿ ਤੂੰ ਮੇਰਾ ਅਜੇ ਤੱਕ ਮੈਡੀਕਲ ਚੈਕ ਵੀ ਨਹੀ ਕਰਵਾਇਆ ।ਦੂਜੇ ਪਾਸੇ ਤੂੰ ਆਪਣੀ ਕਾਰ ਦੀ ਸਰਵਿਸ ਤੇ ਚੈੱਕ ਅੱਪ ਹਰ ਛੇ ਮਹੀਨੇ ਬਾਅਦ ਬਿਨਾ ਨਾਗਾ ਕਰਵਾਉਦਾ ਰਹਿੰਦਾ ਹੈਂ ।ਆਪਾਂ ਦੋਵੇਂ ਜਿੰਦਗੀ ਦੇ ਪਹਿਲੇ ਦਿਨ ਤੋਂ ਹੀ ਇਕੱਠੇ ਰਹਿੰਦੇ ਹਾਂ, ਮੈਂ ਹਰ ਔਖੇ ਸੌਖੇ ਸਮੇਂ ਵਿਚ ਤੇਰੇ ਨਾਲ ਹਾਂ, ਪਰ ਹੈਰਾਨ ਹਾਂ ਕਿ ਤੈਨੂੰ ਮੇਰੀ ਕੋਈ ਵੀ ਤਕਲੀਫ ਦਿਸਦੀ ਹੀ ਨਹੀ, ਮੇਰੇ ਅੰਦਰ ਕੀ ਚੱਲ ਰਿਹਾ ਹੈ, ਮੈ ਅੰਦਰੋ ਕਿੰਨਾ ਕਮਜੋਰ ਹੋ ਚੁੱਕਾ ਹਾਂ, ਮੇਰੇ ਅੰਦਰ ਕਿਹੜੀ ਤੀਜ ਦੀ ਕਮੀ ਹੈ, ਇਹ ਸਭ ਤੂੰ ਚੰਗੀ ਤਰਾਂ ਜਾਣਦੈਂ ਹੈਂ ਕਿ ਇਕ ਡਾਕਟਰ ਹੀ ਪਤਾ ਕਰਕੇ ਦੱਸ ਸਕਦਾ ਹੈ ਪਰ ਤੂੰ 'ਤੇ ਮੇਰੇ ਵਾਸਤੇ ਸਿੱਲ ਪੱਥਰ ਬਣ ਗਿਆ ਏ, ਕਦੇ ਡਾਕਟਰ ਤੋਂ ਮੇਰੀ ਸਿਹਤ ਦਾ ਹਾਲ ਚਾਲ ਜਾਨਣ ਵਾਸਤੇ ਰਿਪੋਰਟ ਤਿਆਰ ਕਰਾਉਣ ਦੀ ਜ਼ਰੂਰਤ ਵੀ ਨਹੀਂ ਸਮਝੀ ।ਬੱਸ ਹੁਣ ਬਹੁਤ ਹੋ ਗਈ, ਹੁਣ ਤੂੰ ਬੰਦਾ ਬਣਜਾ, ਨਹੀਂ ਤਾਂ ਮੇਰੇ ਤੋਂ ਹੱਥ ਧੋਅ ਲਏਂਗਾ ।ਇਸ ਕਰਕੇ ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਮੈਂ ਹਾਂ ਤੇ ਤੂੰ ਹੈਂ , ਜੇਕਰ ਮੈਂ ਨਹੀਂ ਤੇ ਤੂੰ ਵੀ ਨਹੀਂ ।ਮੈਨੂੰ ਪਤਾ ਹੈ ਕਿ ਜਿਵੇਂ ਜਿਵੇਂ ਤੇਰੀ ਉਮਰ ਦੇ ਸਾਲਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਤੇਰੇ ਅੰਦਰ ਮੌਤ ਦਾ ਡਰ ਬਹੁਤ ਵਧਦਾ ਜਾ ਰਿਹਾ ਹੈ ।ਦੂਜੇ ਪਾਸੇ ਤੈਨੂੰ ਵੀ ਇਹ ਪਤਾ ਹੈ ਕਿ ਤੂੰ ਮੇਰਾ ਖਿਆਲ ਰੱਖੇਂਗਾ ਤਾਂ ਮੇਰੀ ਤੰਦਰੁਸਤੀ ਬਣੀ ਰਹਿਣ ਕਰਕੇ ਤੇਰੇ ਮਨ ਚ ਕਦੇ ਵੀ ਮੌਤ ਦਾ ਭੈਅ ਪੈਦਾ ਨਹੀਂ ਹੋਵੇਗਾ, ਪਰ ਫਿਰ ਵੀ ਪਤਾ ਨਹੀਂ ਤੇਰੀ ਕਿਹੜੀ ਮਜਬੂਰੀ ਹੈ ਕਿ ਤੂੰ ਮੇਰਾ ਸਾਥ ਨਹੀਂ ਦੇ ਰਿਹਾ ।ਮੈਂ ਜਾਣਦਾ ਹਾਂ ਕਿ ਆਪਣੀ ਜਿੰਦਗੀ ਵਿਚ ਨਿਤ ਦਿਨ ਬਹੁਤ ਸਾਰੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ ਨਾਲ ਦੋ ਚਾਰ ਹੁੰਦਾ ਹੈਂ, ਪਰ ਇਹ ਵੀ ਯਾਦ ਰੱਖ ਕਿ ਜਦੋਂ ਮੈਂ ਬਿਮਾਰ ਹੁੰਦਾ ਹਾਂ ਤਾਂ ਉਸ ਵੇਲੇ ਤੇਰੀ ਸਿਰਫ ਇਕ ਹੀ ਪਰੇਸ਼ਾਨੀ ਹੁੰਦੀ ਹੈ ਕਿ ਮੈਂ ਮੜ ਤੋਂ ਤੰਦਰੁਸਤ ਕਿਵੇਂ ਹੋਣਾ ਹੈ ਹਾਂ ! ਇਕ ਗੱਲ ਹੋਰ ਦੱਸਦਿਆਂ , ਉਹ ਇਹ ਕਿ ਅੱਜ ਕਲ੍ਹ ਜਿੰਨੀਆਂ ਵੀ ਭਿਆਨਕ ਬਿਮਾਰੀਆਂ ਮੈਨੂੰ ਲਗਦੀਆਂ ਹਨ, ਉਹ ਸਭ ਤੇਰੀਆਂ ਤੇ ਤੇਰੇ ਵਰਗੇ ਹੋਰ ਮੂਰਖ ਲੋਕਾਂ ਦੀਆਂ ਹੀ ਪੈਦਾ ਕੀਤੀਆਂ ਹੋਈਆਂ ਹਨ ।ਤਰਾਂ ਤਰਾਂ ਦਾ ਕੈਂਸਰ, ਬਲੱਡ ਸ਼ੂਗਰ, ਬਲੱਡ ਪਰੈਸ਼ਰ, ਨਿਓਰੋਪੈਥੀ, ਗਠੀਆ, ਆਂਤੜੀ ਰੋਗ, ਇੰਸੂਲਿਨ ਰਿਜੈਸਟਿੰਸ ਅਤੇ ਚਮੜੀ ਦੀਆਂ ਬਿਮਾਰੀਆਂ ਆਦਿ ਸਭ ਦਾ ਜਿੰਮੇਵਾਰ ਤੂੰ ਹੀ ਹੈਂ ।ਤੂੰ ਜੋ ਬੀਜਦਾ ਹੈਂ ਓਹੀ ਵੱਢਦਾ ਹੈਂ ।ਜਹਿਰਾਂ ਦੀ ਖੇਤੀ ਕਰੇਂਗਾ ਤਾਂ ਕਦੇ ਵੀ ਅਮ੍ਰਿਤ ਨਹੀਂ ਪੀ ਸਕੇਂਗਾ ।ਕੀੜੇ ਮਾਰ ਸਪਰੇਆਂ ਦਾ ਛਿੜਕਾਅ ਕਰੇਂਗਾ ਤਾਂ ਉਹਨਾਂ ਨਾਲ ਸਿਰਫ ਕੀੜੇ ਮਕੌੜੇ ਹੀ ਨਹੀਂ ਮਰਨਗੇ ਬਲਕਿ ਉਹਨਾਂ ਸਪਰੇਆਂ ਦਾ ਮਾੜਾ ਅਸਰ ਮੇਰੇ ਉਤੇ ਵੀ ਪਵੇਗਾ ।ਸ਼ਿੰਗਾਰਾ ਸਿੰਹਾਂ ! ਤੂੰ ਬਹੁਤ ਖੁਦਗਰਜ ਹੋ ਗਿਆਂ, ਤੂੰ ਆਪਣੀਆਂ ਅੱਖਾਂ ਉੱਤੇ ਪੈਸੇ ਤੇ ਪਦਾਰਥ ਦੀ ਐਨਕ ਲਗਾ ਕੇ ਪੂਰੀ ਤਰਾਂ ਅੰਨ੍ਹਾ ਹੋ ਗਿਆਂ ।ਇਸ ਚੁੰਦਿਆਹਟ ਵਿਚ ਤੂੰ ਦੂਸਰਿਆ ਦਾ ਭਲਾ ਤਾਂ ਕੀ ਕਰਨਾ, ਸਗੋਂ ਤੂੰ ਤਾਂ ਇਹ ਜਾਣਦਿਆਂ ਹੋਇਆਂ ਵੀ ਕਿ ਮੇਰੇ ਬਿਨਾਂ ਤੂੰ ਕੁੱਝ ਵੀ ਨਹੀਂ , ਤੇਰੀ ਹੋਂਦ ਹਸਤੀ ਵੀ ਨਹੀਂ, ਪਰ ਤਦ ਵੀ ਤੂੰ ਮੇਰਾ ਵੀ ਦੁਸ਼ਮਣ ਹੋ ਨਿੱਬੜਿਆਂ ।ਅਜਕਲ੍ਹ ਮੈਂ ਬਿਮਾਰ ਰਹਿੰਦਾਂ, ਸਿਰਫ ਤੇਰੀਆਂ ਗਲਤੀਆਂ ਕਰਕੇ, ਤੇਰੀ ਲਾ ਪ੍ਰਵਾਹੀ ਕਰਕੇ ।ਮੈ ਦਿਨੋ ਦਿਨ ਤਮਜੋਰ ਹੋ ਰਿਹਾ ਹਾਂ, ਆਪਣੀ ਉਮਰ ਤੋਂ ਬਹੁਤ ਵਡੇਰਾ ਲੱਗ ਰਿਹਾ ਹਾਂ ।ਮੈ ਤੇਰੇ ਨਾਲ ਬਹੁਤ ਨਰਾਜ ਹਾਂ, ਮੇਰੀ ਹਾਲਤ ਤੂੰ ਅਜਿਹੀ ਕਰ ਦਿੱਤੀ ਹੈ ਕਿ ਕਈ ਵਾਰ ਮੈਂ ਤੇਰੇ ਨਾਲ ਨਰਾਜ ਹੋਣ ਦੇ ਬਾਵਜੂਦ ਵੀ, ਮੇਰੇ ਵਿਚ ਸੱਤਿਆ ਨਾ ਹੋਣ ਕਰਕੇ , ਮੈਂ ਚਾਹੁੰਦਿਆਂ ਹੋਇਆ ਵੀ ਤੇਰੀ ਕੋਈ ਮੱਦਦ ਨਹੀਂ ਕਰ ਸਕਦਾ ।ਅਜੇ ਵੀ ਡੁਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਉਠ ਜਾਗ, ਆਪਣਾ ਆਪ ਤੇ ਮੈਨੂੰ ਸੰਭ੍ਹਾਲ, ਇਹ ਦੁਨੀਆ ਬਹੁਤ ਸੋਹਣੀ ਹੈ, ਇਸ ਨੂੰ ਮਾਨਣਾ ਹੈ ਤੇ ਮੇਰਾ ਖਿਆਲ ਰੱਖ , ਜੀਭ ਬੇਸ਼ੱਕ ਮੇਰਾ ਹੀ ਇਕ ਅੰਗ ਹੈ, ਪਰ ਇਸ ਦੀ ਲਗਾਮ ਤੇਰੇ ਹਥਾਂ ਚ ਹੈ, ਖਾਣ ਤੇ ਬੋਲਣ ਵੇਲੇ ਇਸ ਦਾ ਧਿਆਨ ਰੱਖ, ਲੱਤਾਂ ਪੈਰ, ਅੱਖਾਂ, ਅਤੇ ਕੰਨਾਂ ਦੀ ਸੰਭਾਲ ਕਰਨ ਵਾਸਤੇ ਤੂੰ ਮੇਰੀ ਸੰਭਾਲ ਕਰ ਤੇ ਮੈ ਇਹਨਾਂ ਦੀ ਸੰਭਾਲ ਕਰਕੇ ਤੇਰੀ ਦੁਨੀਆ ਹੋਰ ਖੂਬਸੂਰਤ ਬਣਾਵਾਂਗਾ ।ਮੈਨੂੰ ਪੂਰੀ ਆਸ ਹੈ ਕਿ ਇਸ ਵਾਰ ਤੂੰ ਮੇਰੀ ਕਿਸੇ ਵੀ ਗੱਲ ਨੂੰ ਅਣਗੌਲਿਆਂ ਨਹੀਂ ਕਰੇਂਗਾ ਤੇ ਮੇਰਾ ਪੂਰ ਖਿਆਲ ਰੱਖਣਾ ਸ਼ੁਰੂ ਕਰ ਦੇਏਂਗਾ ।ਤੇਰੇ ਵਲੋਂ ਇਸ ਤਰਾਂ ਕਰਨ ਨਾਲ ਮੈਨੂੰ ਤੰਦਰੁਸਤੀ ਦੀ ਨਿਆਮਤ ਮਿਲੇਗੀ, ਮੈਂ ਬਹੁਤ ਪ੍ਰਸੰਨ ਹੋਵਾਂਗਾ ਤੇ ਬਦਲੇ ਵਿਚ ਮੈਂ, ਤੈਨੂੰ ਆਪਣੀਆਂ ਭਰਪੂਰ ਤੇ ਅਣਥੱਕ ਸੇਵਾਵਾਂ ਦੇ ਕੇ ਅਤਿਅੰਤ ਖੁਸ਼ੀ ਮਹਿਸੂਸ ਕਰਾਂਗਾ।

**ਰੱਬ ਤੈਨੂੰ ਸੁਮੱਤ ਬਖਸ਼ੇ ।ਤੇਰਾ ਆਪਣਾ ਸਰੀਰ**

### ਗੁਰਜੰਟ ਸਿੰਘ ਭੜੀ ਮਾਨਸਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ


## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਧੂਰੀ ਥਾਣੇ ਅੱਗੇ ਛੇਵੇਂ ਦਿਨ ਵੀ ਧਰਨਾ ਜਾਰੀ





ਧੂਰੀ, 6 ਜੁਲਾਈ ( ਰਣਜੀਤ ਸਿੰਘ ਪੇਧਨੀ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਿਲ੍ਹਾ ਮਾਲੇਰਕੋਟਲਾ ਵੱਲੋਂ ਜਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਦੀ ਅਗਵਾਈ ਹੇਠ ਧੂਰੀ ਥਾਣੇ ਅੱਗੇ ਧਰਨਾ ਛੇਵੇਂ ਦਿਨ ਚ ਸਾਮਲ। ਪਿੰਡ ਭੜੀ ਮਾਨਸਾ ਦੇ ਗੁਰਜੰਟ ਸਿੰਘ ਵੀ ਕੇ ਐਗਰੋ ਇੰਡਸਟਰੀ ਮਾਨਵਾਲਾ ਫੈਕਟਰੀ ਵਿੱਚ ਚੌਕੀਦਾਰ ਦੀ ਡਿਊਟੀ ਕਰਦਾ ਸੀ। ਜਿਸ ਦਾ 26 ਜੂਨ ਨੂੰ ਰਾਤ ਨੂੰ ਫੈਕਟਰੀ ਵਿੱਚ ਕਿਰਚਾ ਕ੍ਰਿਪਾਨਾਂ ਮਾਰਕੇ ਬੜੀ ਬੇਰਹਿਮੀ ਨਾਲ ਕਾਤਲ ਗਿਆ ਸੀ।ਮ੍ਰਿਕ ਦੇ ਭਰਾ ਬਲਦੇਵ ਸਿੰਘ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਫੈਕਟਰੀ ਮਾਲਕ ਦਾ ਲੜਕਾ ਨੀਰਜ ਕੁਮਾਰ ਗੁਰਜੰਟ ਸਿੰਘ ਨੂੰ ਧੱਕੇ ਨਾਲ ਘਰੋ ਲੈਕੇ ਫੈਕਟਰੀ ਆਇਆ ਜੋ ਫੈਕਟਰੀ ਆਉਣਾ ਨਹੀਂ ਚਾਹੁੰਦਾ ਸੀ ।ਜਿਸ ਨੂੰ ਫੈਕਟਰੀ ਲਿਆ ਕੇ ਫੈਕਟਰੀ ਮਾਲਕ ਵਿਜੇ ਕੁਮਾਰ ਅਤੇ ਉਸ ਦੇ ਲੜਕੇ ਨੇ ਮਿਲ ਕੇ ਕਾਤਲ ਕਰਵਾ ਦਿੱਤਾ ਗਿਆ। ਗੁਰਜੰਟ ਸਿੰਘ ਨੇ ਪਰਿਵਾਰ ਨੂੰ ਪਹਿਲਾਂ ਵੀ ਦੱਸਿਆ ਸੀ ਕਿ ਨੀਰਜ ਕੁਮਾਰ ਮਾਰਨ ਦੀਆਂ ਧਮਕੀਆਂ ਦਿੰਦਾ ਰਹਿੰਦਾ ਸੀ। ਜੋ ਫੈਕਟਰੀ ਅੰਦਰ ਫੈਕਟਰੀ ਮਾਲਕ ਤੋ ਚੋਰੀ ਫੀਡ ਵੇਚਦਾ ਸੀ ਅਤੇ ਫੈਕਟਰੀ ਅੰਦਰ ਗਲਤ ਕੰਮ ਕਰਦਾ ਸੀ ਜਿਸ ਦੀ ਸਾਰੀ ਗੱਲਬਾਤ ਗੁਰਜੰਟ ਸਿੰਘ ਫੈਕਟਰੀ ਮਾਲਕ ਨੂੰ ਦੱਸਦਾ ਸੀ। ਇਸ ਕਰਕੇ ਨੀਰਜ ਕੁਮਾਰ ਗੁਰਜੰਟ ਸਿੰਘ ਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਸੀ।ਇਸ ਰੰਜਸ ਨੂੰ ਲੈਕੇ ਮੇਰੇ ਪਤੀ ਦਾ ਫੈਕਟਰੀ ਅੰਦਰ ਲਿਆ ਕੇ ਕਾਤਲ ਕਰਵਾਇਆ ਗਿਆ ਹੈ।ਜੋ ਕਿ ਫੈਕਟਰੀ ਦਾ ਗੇਟ ਅੰਦਰੋਂ ਬੰਦ ਕੀਤਾ ਹੋਇਆ ਸੀ। ਫੈਕਟਰੀ ਦੇ ਕੈਮਰੇ ਬੰਦ ਕੀਤੇ ਹੋਏ ਸਨ ਜਿਸ ਕਰਕੇ ਪਰਿਵਾਰ ਨੂੰ ਹੋਰ ਵੀ ਸੱਕ ਵੱਧ ਗਈ।10 ਦਿਨ ਬੀਤੀਤ ਜਾਣਦੇ ਬਾਅਦ ਪੁਲਿਸ ਵੱਲੋਂ ਪਰਿਵਾਰ ਦੇ ਬਿਆਨਾਂ ਦੇ ਆਧਾਰ ਤੇ ਨੀਰਜ ਕੁਮਾਰ ਨੂੰ ਮੁੱਖ ਦੋਸ਼ੀ ਮੰਨਕੇ ਨਾਮਜ਼ਦ ਕੀਤਾ ਹੈ ਉਸ ਨੂੰ ਪ੍ਰਸ਼ਾਸਨ ਗਿਰਫ਼ਤਾਰ ਨਹੀਂ ਕਰ ਰਿਹਾ। ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਤੱਕ ਨੀਰਜ ਕੁਮਾਰ ਨੂੰ ਗਿਰਫ਼ਤਾਰ ਕਰਕੇ ਜੇਲ੍ਹ ਨਹੀਂ ਭੇਜਿਆ ਜਾਂਦਾ। ਉਦੋਂ ਤੱਕ ਗੁਰਜੰਟ ਸਿੰਘ ਦਾ ਅੰਤਮ ਸੰਸਕਾਰ ਨਹੀਂ ਕੀਤਾ ਜਾਵੇਗਾ।ਵਿਜੇ ਕੁਮਾਰ ਦੀ ਸਰਕਾਰ ਦੇ ਦੁਅਰੇ ਭਗਵੰਤ ਮਾਨ ਤੱਕ ਤਕੜੀ ਪਹੁੰਚ ਹੋਣ ਕਰਕੇ ਪੁਲਿਸ ਪ੍ਰਸ਼ਾਸਨ ਦੋਸ਼ੀ ਨੂੰ ਗਿਰਫ਼ਤਾਰ ਨਹੀਂ ਕਰ ਰਿਹਾ ਜਿਸ ਦੀ ਲਾਸ ਪਿਛਲੇ 10 ਦਿਨਾਂ ਤੋ ਸਰਕਾਰੀ ਹਸਪਤਾਲ ਸੰਗਰੂਰ ਦੀ ਮੁਰਦਾ ਘਾਟ ਵਿੱਚ ਪਈ ਹੈ। ਜੇਕਰ ਲਾਸ਼ ਨੂੰ ਕੋਈ ਨੁਕਸਾਨ ਜਾਂ ਖਰਾਬ ਹੁੰਦੀ ਹੈ ਤਾਂ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਜੁੰਮੇਵਾਰ ਹੋਵੇਗੀ।2:15 ਵਜੇ ਤੋਂ ਥਾਣੇ ਦਾ ਪੂਰਨ ਤੌਰ ਤੇ ਘਿਰਾਉ ਕੀਤਾ ਗਿਆ ।ਜਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਨੇ ਬੋਲਦਿਆਂ ਦੱਸਿਆ ਕਿ ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਤੱਕ ਨੀਰਜ ਕੁਮਾਰ ਜੋ ਗੁਰਜੰਟ ਸਿੰਘ ਦਾ ਕਾਤਲ ਉਸ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਨਹੀਂ ਭੇਜਿਆ ਜਾਂਦਾ ਉਦੋਂ ਤੱਕ ਗੁਰਜੰਟ ਸਿੰਘ ਦਾ ਅੰਤਮ ਸੰਸਕਾਰ ਨਹੀਂ ਕੀਤਾ ਜਾਵੇਗਾ।ਜਥੇਬੰਦੀ ਡਟਕੇ ਪਰਿਵਾਰ ਨਾਲ ਖੜ੍ਹੀ ਹੈ।ਅੱਜ ਦੇ ਧਰਨੇ ਨੂੰ ਜਿਲ੍ਹਾ ਆਗੂ ਸੰਗਰੂਰ ਹਰਪਾਲ ਸਿੰਘ ਪੇਧਨੀ, ਚਰਨਜੀਤ ਸਿੰਘ ਹਥਨ, ਦਰਸ਼ਨ ਸਿੰਘ ਹਥੋਆ,ਜਗਤਾਰ ਸਿੰਘ ਸਰੌਦ ਸੰਬੋਧਨ ਕੀਤਾ।

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ


24 SERVICE EVERYDAY HOURS
100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST LUNCH DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


# ਜੇਕਰ ਪਾਕਿਸਤਾਨ ਸਰਕਾਰ ਸਾਨੂੰ ਸ. ਗਜਿੰਦਰ ਸਿੰਘ ਦੇ ਫੁੱਲ ਵਾਹਗਾ ਬਾਰਡਰ ਉਤੇ ਦੇ ਦੇਣ, ਤਾਂ ਅਸੀਂ ਉਨ੍ਹਾਂ ਦੀਆਂ ਰਸਮਾਂ ਪੂਰੀਆਂ ਕਰ ਸਕਾਂਗੇ : ਮਾਨ



ਨਵੀਂ ਦਿੱਲੀ, 6 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- "ਜਲਾਵਤਨੀ ਸ. ਗਜਿੰਦਰ ਸਿੰਘ ਮੁੱਖੀ ਦਲ ਖ਼ਾਲਸਾ ਜੋ ਲੰਮੇ ਸਮੇ ਤੋਂ ਪਾਕਿਸਤਾਨ ਵਿਚ ਜਲਾਵਤਨੀ ਜੀਵਨ ਬਤੀਤ ਕਰ ਰਹੇ ਸਨ ਅਤੇ ਨਾਲ ਹੀ ਦ੍ਰਿੜਤਾਪੂਰਵਕ ਖ਼ਾਲਸਾ ਪੰਥ ਦੀ ਆਜਾਦੀ ਲਈ ਨਿਰੰਤਰ ਆਪਣੇ ਖਿਆਲਾਤਾਂ ਰਾਹੀ ਡੂੰਘਾਂ ਯੋਗਦਾਨ ਪਾਉਦੇ ਆ ਰਹੇ ਸਨ, ਉਹ ਬੀਤੇ ਕੁਝ ਦਿਨ ਪਹਿਲੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ । ਜਿਸ ਨਾਲ ਸਿੱਖ ਕੌਮ ਨੂੰ ਇਕ ਅਸਹਿ ਤੇ ਅਕਹਿ ਕਦੀ ਵੀ ਨਾ ਪੂਰਾ ਹੋਣ ਵਾਲਾ ਪੰਥਕ ਘਾਟਾ ਪਿਆ ਹੈ । ਲੇਕਿਨ ਉਨ੍ਹਾਂ ਵੱਲੋ ਦ੍ਰਿੜਤਾ ਪੂਰਵਕ ਕੌਮੀ ਮਿਸਨ ਲਈ ਨਿਭਾਈ ਗਈ ਭੂਮਿਕਾ ਨੂੰ ਕੋਈ ਵੀ ਆਤਮਾ ਨਹੀ ਭੁੱਲਾ ਸਕਦੀ ।ਪਤਾ ਨਹੀ ਪਾਕਿਸਤਾਨ ਸਰਕਾਰ ਨੇ ਉਨ੍ਹਾਂ ਦੇ ਸੰਸਕਾਰ ਸਮੇਂ ਮਿਲਟਰੀ ਸਲਿਊਟ ਕੀਤਾ ਹੈ ਜਾਂ ਨਹੀ । ਪਰ ਇਹ ਸਖਸੀਅਤ ਇਸਦੀ ਹੱਕਦਾਰ ਸੀ । ਕਿਉਂਕਿ ਉਨ੍ਹਾਂ ਨੇ ਜੋ ਘਾਲਨਾਵਾ ਤੇ ਉਦਮ ਕੀਤੇ ਹਨ, ਉਸ ਤੋ ਪਾਕਿਸਤਾਨ ਸਰਕਾਰ ਵੀ ਭਰਪੂਰ ਵਾਕਫੀਅਤ ਰੱਖਦੀ ਹੈ । ਇਸ ਲਈ ਇਹ ਸਨਮਾਨ ਮਿਲਟਰੀ ਵੱਲੋ ਦੇਣਾ ਬਣਦਾ ਸੀ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੂਰਨ ਦ੍ਰਿੜ ਇਰਾਦੇ ਦੇ ਮਾਲਕ ਦਲ ਖ਼ਾਲਸਾ ਦੇ ਮੁੱਖੀ ਸ. ਗਜਿੰਦਰ ਸਿੰਘ ਦਾ ਅਕਾਲ ਚਲਾਣਾ ਹੋਣ ਤੇ ਪਾਕਿਸਤਾਨ ਸਰਕਾਰ ਨੂੰ ਸੰਸਕਾਰ ਸਮੇ ਮਿਲਟਰੀ ਸਲਿਊਟ ਕਰਨ ਦੀ ਗੱਲ ਕਰਦੇ ਹੋਏ ਅਤੇ ਉਨ੍ਹਾਂ ਦੀਆਂ ਅਸਥੀਆਂ ਸਾਨੂੰ ਜਾਂ ਦਲ ਖ਼ਾਲਸਾ ਦੀ ਜਥੇਬੰਦੀ ਨੂੰ ਵਾਹਗਾ ਬਾਰਡਰ ਉਤੇ ਪ੍ਰਦਾਨ ਕਰਨ ਦੀ ਮੰਗ ਕਰਦੇ ਹੋਏ ਜਾਹਰ ਕੀਤੇ ।ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਹਕੂਮਤ ਉਸ ਮਹਾਨ ਸਖਸ਼ੀਅਤ ਦੀਆਂ ਅਸਥੀਆਂ ਸਾਨੂੰ ਸਤਿਕਾਰ ਸਹਿਤ ਵਾਹਗਾ ਬਾਰਡਰ ਉਤੇ ਸਪੁਰਦ ਕਰ ਦਿੰਦੀ ਹੈ ਤਾਂ ਅਸੀ ਉਨ੍ਹਾਂ ਦੀਆਂ ਰਸਮਾਂ ਪੂਰਨ ਮਰਿਯਾਦਾ ਅਨੁਸਾਰ ਕਰ ਸਕਾਂਗੇ ।ਅਜਿਹਾ ਕਰਦੇ ਹੋਏ ਉਨ੍ਹਾਂ ਦੀ ਖ਼ਾਲਿਸਤਾਨ ਦੀ ਕੌਮੀ ਮਿਸਨ ਦੀ ਪ੍ਰਾਪਤੀ ਲਈ ਸਿੱਖ ਕੌਮ ਪਹਿਲੇ ਨਾਲੋ ਵੀ ਵਧੇਰੇ ਦ੍ਰਿੜ ਹੋ ਸਕੇਗੀ । ਇਸ ਲਈ ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਸਮੁੱਚੀ ਕੌਮ ਦੀਆਂ ਭਾਵਨਾਵਾ ਨੂੰ ਮੱਦੇਨਜਰ ਰੱਖਦੇ ਹੋਏ ਪਾਕਿਸਤਾਨ ਹਕੂਮਤ, ਸ. ਗਜਿੰਦਰ ਸਿੰਘ ਦੇ ਫੁੱਲ ਕੌਮੀ ਭਾਵਨਾਵਾ ਅਨੁਸਾਰ ਸਾਨੂੰ ਦੇਣ ਦੀ ਜਿੰਮੇਵਾਰੀ ਨਿਭਾਏਗੀ ।


ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

# HAYES PLANT HIRE

WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All

CATEGORIES OF

MACHINERY.


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

ਉਪਰੋਕਤ ਹਰ ਤਰ੍ਹਾਂ ਦੀ **ਮਸ਼ੀਨਰੀ** ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

## 07715128621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਸ੍ਰੀ ਅਕਾਲ ਤਖਤ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਉੱਤੇ ਹਿੰਦੂਸਤਾਨੀ ਹਕੂਮਤ ਵਲੋ ੪੦ ਸਾਲ ਪਹਿਲਾਂ ਹੋਏ ਹਮਲੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ
ਸ਼ਹੀਦੀ ਸਮਾਗਮ
ਗੁਰੂ ਨਾਨਕ ਗੁਰਦੁਆਰਾ ਵੁਲਵਰਹੈਂਪਟਨ (ਸੈਜਲੀ ਸਟਰੀਟ). WV2 3AJ ਵਿਖੇ
ਸਨਿਚਰਵਾਰ ੬ ਜੁਲਾਈ ਅਤੇ ਐਤਵਾਰ ੭ ਜੁਲਾਈ ੨੦੨੪ ਨੂੰ ਸ਼ਹੀਦੀ ਸਮਾਗਮ ਰੱਖੇ ਗਏ ਨੇ।
ਸਨਿਚਰਵਾਰ ੫ ਵਜੇ ਤੋਂ ੮:੩੦ ਵਜੇ ਤਕ (ਹਾਲ ੪)
ਐਤਵਾਰ ੧੧:੩੦ ਵਜੇ ਤੋਂ ੪ ਵਜੇ ਤਕ (ਮੇਨ ਹਾਲ)
ਵਲੋਂ: ਦਮਦਮੀ ਟਕਸਾਲ ਜਥਾ ਯੂਕੇ ਅਤੇ ਯੂਰਪ ਅਤੇ ਸਮੂਹ ਸਾਧ ਸੰਗਤ
ORGANISED BY: DAMDAMI TAKSAL UK & EUROPE AND SADH SANGAT
SHAHEEDI SMAGAM
IN REMEMBRANCE OF THE SHAHEEDS OF 1984
GURU NANAK GURDWARA | 191 DUNCAN ST, WOLVERHAMPTON WV2 3AJ
GIANI SATNAM SINGH JI DAMDAMI TAKSAL
GIANI NAVDEEP SINGH JI AJNALA
GIANI SUKHRAJ SINGH JI DAMDAMI TAKSAL
BHAI AMANDEEP SINGH JI SRI DARBAR SAHIB
BHAI MAHADEEP SINGH JI SRI DARBAR SAHIB
DHADI JATHA GIANI TARLOCHAN SINGH BHAMADI
BHAI BALDEV SINGH JI DAMDAMI TAKSAL
BHAI GURJEET SINGH JI DAMDAMI TAKSAL
BHAI SUKHJINDER SINGH
BHAI HARI SINGH JI
GIANI GURJINDER SINGH JI DAMDAMI TAKSAL
GIANI BALBIR SINGH DAMDAMI TAKSAL
DHADI RASAAL SINGH CHOLA SAHIB
SATURDAY 6TH (HALL 4)
5PM-8:30PM
SUNDAY 7TH (MAIN HALL)
11:30AM-4PM
AT GNG SEDGLEY STREET
BHAI HARJINDER SINGH JI 07956 007 161 | GIANI GURJINDER SINGH JI 07400 830 403
BHAI GURJIT SINGH JI 07508 943 570 | BHAI BHERVINDER SINGH JI 07985 246 484
DAMDAMI TAKSAL JATHA (UK & EUROPE)
SIKH INSPIRE
40
1984
ਆਵਾਜ਼ਿ ਕੌਮ AWAZE QAUM International Newspaper & WEB TV
ਸਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਾਰਜਕਾਰੀ ਮੁਖੀ ਦਮਦਮੀ ਟਕਸਾਲ ਦੇ ਅਸ਼ੀਰਵਾਰ ਸਦਕਾ

# ਗੁਰਬਾਣੀ ਕਥਾ ਵਿਚਾਰ

ਦਿੱਲੀ ਵਿਖੇ



ਗੁਰੂਦੁਆਰਾ ਸ਼ੀਸ ਗੰਜ ਸਾਹਿਬ, ਦਿੱਲੀ
06 ਜੁਲਾਈ 2024, ਸ਼ਨੀਵਾਰ
ਸਵੇਰੇ 07:30 ਤੋਂ 08:30 ਤੱਕ

LIVE ON PTC ਸਿਮਰਨ



ਗੁਰੂਦੁਆਰਾ ਬੰਗਲਾ ਸਾਹਿਬ, ਦਿੱਲੀ
07 ਜੁਲਾਈ 2024, ਐਤਵਾਰ
ਸਵੇਰੇ 07:30 ਤੋਂ 08:30 ਤੱਕ

LIVE ON CHARDIKLA TIME TV



## ਜਥੇਦਾਰ ਬਲਜੀਤ ਸਿੰਘ ਦਾਦੂਵਾਲ

ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

9814015740, 9356060960



ਪਾਣੀ ਹੈ ਜੀਵਨ ਦਾ ਅਨਮੋਲ ਰਤਨ ਇਸ ਨੂੰ ਬਚਾਉਣ ਦਾ ਕਰੋ ਯਤਨ ।

## ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਦਰਿਆਵਾਂ ਵਿੱਚ ਸੁੱਟੇ ਜ਼ਹਿਰਲੇ ਪਾਣੀ ਨੂੰ ਰੋਕਣ ਸਬੰਧੀ 8 ਜੁਲਾਈ ਨੂੰ 1 ਵਜੇ ਨਰੋਆ ਪੰਜਾਬ ਮੰਚ ਵੱਲੋ ਅਹਿਮ ਮੀਟਿੰਗ ਬਾਬਾ ਵਿਸ਼ਵਕਰਮਾ ਗੁਰਦੁਆਰਾ ਸਾਹਿਬ (ਨੇੜੇ ਕੰਮੇਆਣਾ ਚੌਂਕ ) ਫਰੀਦਕੋਟ ਵਿਖੇ ਕੀਤੀ ਜਾ ਰਹੀ ਹੈ !

ਸੋ ਆਓ ਆਪਣਾ ਅਤੇ ਆਪਣੇ ਬੱਚਿਆਂ ਦੇ ਤੰਦਰੁਸਤ ਭਵਿੱਖ ਲਈ ਪਾਰਟੀ ਬਾਜ਼ੀ / ਧੱੜੇਬੰਦੀ ਤੋਂ ਉੱਪਰ ਉੱਠਕੇ ਇਕੱਠੇ ਹੋਈਏ। ਸਰਕਾਰਾਂ ਨੂੰ ਇਹ ਜ਼ਹਿਰ ਰੋਕਣ ਲਈ ਮਜਬੂਰ ਕਰੀਏ ।









ਸੋ ਆਓ ਇਕੱਠੇ ਹੋ ਕੇ ਹੰਭਲਾ ਮਾਰੀਏ , ਸਮੂਹ ਰਾਜਨੀਤਿਕ ਪਾਰਟੀਆਂ ,
ਕਿਸਾਨ ,ਮਜ਼ਦੂਰ ,ਮੁਲਾਜ਼ਮ,ਵਪਾਰਕ,ਸਮਾਜਿਕ ,ਧਾਰਮਿਕ,ਬੁੱਧੀਜੀਵੀ,ਸਾਹਿਤਿਕ ,
ਵਾਤਾਵਰਨ ਪ੍ਰੇਮੀ ਜੱਥੇਬੰਦੀਆ ਨੂੰ ਨਿਮਰਤਾ ਬੇਨਤੀ ਹੈ ਸਮੇਂ ਸਿਰ ਮੀਟਿੰਗ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ। ਅਗਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕਰ ਸਕੀਏ।

ਕਾਲੇ ਪਾਣੀ ਦਾ ਮੋਰਚਾ | **ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਆਗੂ** | ਕਾਲੇ ਪਾਣੀ ਦਾ ਮੋਰਚਾ

ਲੱਖਾ ਸਿੰਘ ਸਿਧਾਣਾ, ਅਮਤੋਜ ਮਾਨ , ਜਸਕੀਰਤ ਸਿੰਘ ਕੈਮੀਕਲ ਇੰਜੀਨੀਅਰ , ਲੁਧਿਆਣਾ (ਕੋਆਰਡੀਨੇਟਰ ਨਰੋਆ ਪੰਜਾਬ ਮੰਚ) ਦਲੇਰ ਸਿੰਘ ਡੋਡ , ਕੰਵਲਜੀਤ ਸਿੰਘ ਬਰਾੜ ਖੋਟੇ, ਮਹਿੰਦਰਪਾਲ ਲੂੰਬਾ (ਮੋਗਾ )ਆਦਿ ।

ਬੇਨਤੀ ਕਰਤਾ ਗੁਰਪ੍ਰੀਤ ਸਿੰਘ ਚੰਦ ਬਾਜਾ ਭਾਈ ਮੱਘਰ ਸਿੰਘ ਫਰੀਦਕੋਟ

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਸਥਾਪਨਾ ਦਿਵਸ

ਸਿਰਜਨਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

**ਸ਼ਨਿੱਚਰਵਾਰ 6 ਜੁਲਾਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ ।**

ਐਤਵਾਰ 7 ਜੁਲਾਈ 2024 ਨੂੰ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਢਾਡੀ ਜਥਾ ਗਿਆਨੀ ਸੁਖਬੀਰ ਸਿੰਘ ਭੌਰ ਢਾਡੀ ਵਾਰਾਂ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਛਬੀਲ ਵੀ ਲੱਗੇਗੀ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਇੱਕ ਨਜ਼ਰ



## ਜਲੰਧਰ (ਪੱਛਮੀ) ਜ਼ਿਮਨੀ ਚੋਣ 'ਚ ਪ੍ਰਚਾਰ ਦੌਰਾਨ ਜੀਤਮਹਿੰਦਰ ਸਿੰਘ ਸਿੱਧੂ ਨੇ ਕੀਤੀਆਂ ਨੁੱਕੜ ਮੀਟਿੰਗਾਂ

ਤਲਵੰਡੀ ਸਾਬੋ, 6 ਜੁਲਾਈ (ਗੁਰਜੰਟ ਸਿੰਘ ਨਥੇਹਾ)- ਲੋਕ ਸਭਾ ਚੋਣਾਂ ਚ ਹਲਕਾ ਬਠਿੰਡਾ ਤੋਂ ਕਾਂਗਰਸ ਦੇ ਉਮੀਦਵਾਰ ਰਹਿ ਚੁੱਕੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਜਲੰਧਰ (ਪੱਛਮੀ) ਵਿਧਾਨ ਸਭਾ ਦੀ 10 ਜੁਲਾਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਬੀਬੀ ਸੁਰਿੰਦਰ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਜਿੱਥੇ ਨੁੱਕੜ ਮੀਟਿੰਗਾਂ ਕੀਤੀਆਂ ਉੱਥੇ ਸਥਾਨਕ ਕਾਂਗਰਸੀ ਆਗੂਆਂ ਨਾਲ ਮੁਲਾਕਾਤ ਕਰ ਕਈ ਇਲਾਕਿਆਂ ਚ ਚੋਣ ਪ੍ਰਚਾਰ ਨੂੰ ਤੇਜ਼ ਕਰਨ ਲਈ ਵਿਉਂਤਬੰਦੀ ਵੀ ਉਲੀਕੀ। ਟੀਮ ਸਿੱਧੂ ਵੱਲੋਂ ਮੁਹੱਈਆ ਕਰਵਾਈ ਜਾਣਕਾਰੀ ਅਨੁਸਾਰ ਜੀਤਮਹਿੰਦਰ ਸਿੰਘ ਸਿੱਧੂ ਨੇ ਬੀਬੀ ਸੁਰਿੰਦਰ ਕੌਰ ਦੇ ਹੱਕ 'ਚ ਚੋਣ ਪ੍ਰਚਾਰ ਦੌਰਾਨ ਨੁੱਕੜ ਮੀਟਿੰਗ 'ਚ ਇਕੱਤਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿਛਲੇ ਕਰੀਬ ਢਾਈ ਸਾਲਾਂ ਤੋਂ ਸੂਬੇ 'ਚ ਤਾਨਾਸ਼ਾਹੀ ਦਾ ਸ਼ਾਸਨ ਚਲਾ ਰਹੀ ਆਮ ਆਦਮੀ ਪਾਰਟੀ ਦੀ ਉਸ ਸਰਕਾਰ ਜਿਸਦੇ ਰਾਜਕਾਲ ਦੌਰਾਨ ਸੂਬੇ ਦੇ ਵਪਾਰੀ ਅਤੇ ਦੁਕਾਨਦਾਰ ਅਮਨ ਕਾਨੂੰਨ ਦੀ ਵਿਗੜਦੀ ਹਾਲਤ ਕਾਰਣ ਅਸੁਰੱਖਿਅਤ ਮਹਿਸੂਸ ਕਰਦੇ ਹੋਣ ਖਿਲਾਫ ਅਤੇ ਉਸ ਭਾਜਪਾ ਦੇ ਵਿਰੁੱਧ ਆਪਣਾ ਫਤਵਾ ਦੇਣ ਜਿਸ ਦੀ ਕੇਂਦਰ ਚ ਸਰਕਾਰ ਹੁੰਦਿਆਂ ਉਸ ਵੱਲੋਂ ਕਿਸਾਨਾਂ/ਮਜ਼ਦੂਰਾਂ ਦਾ ਲਗਾਤਾਰ ਸ਼ੋਸਣ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਜਿੱਥੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਆਟਾ ਦਾਲ ਵਰਗੀ ਸਕੀਮ ਦੇਣ ਤੋਂ ਲਗਾਤਾਰ ਹੱਥ ਪਿੱਛੇ ਖਿੱਚ ਰਹੀ ਹੈ ਉੱਥੇ ਹੀ ਔਰਤਾਂ ਨੂੰ ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਸਨਮਾਨ ਭੱਤਾ ਦੇਣ ਦਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਵਾਇਦਾ ਅੱਜ ਤੱਕ ਅਮਲ 'ਚ ਨਹੀ ਲਿਆਂਦਾ ਗਿਆ। ਉਨਾਂ ਨੇ ਹਲਕੇ ਦੇ ਸਰਵਪੱਖੀ ਵਿਕਾਸ ਲਈ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਸਿੱਧੂ ਨੇ ਇਸ ਮੌਕੇ ਕਾਂਗਰਸ ਦੇ ਸਥਾਨਕ ਆਗੂਆਂ ਨਾਲ ਵੀ ਵੀਚਾਰ ਵਟਾਂਦਰਾ ਕੀਤਾ ਅਤੇ ਇਸ ਮੌਕੇ ਉਨਾਂ ਨਾਲ ਬਲਵਿੰਦਰ ਸਿੰਘ ਬੈਂਸ ਸਾਬਕਾ ਵਿਧਾਇਕ ਵੀ ਮੌਜੂਦ ਰਹੇ।

## ਭਾਈ ਖਾਲਸਾ ਦੇ ਸਹੁੰ ਚੁੱਕਣ 'ਤੇ ਪੂਰੇ ਸਿੱਖ ਜਗਤ 'ਚ ਖੁਸ਼ੀ ਦੀ ਲਹਿਰ : ਹਰਲੀਨ ਸਿੰਘ ਯੂਐਸਏ



ਧੂਰੀ, 6 ਜੁਲਾਈ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਨਾਲ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਇਤਿਹਾਸ ਬਣਾਉਣ ਵਾਲੇ ਵਾਰਿਸ ਪੰਜਾਬ ਜਥੇਬੰਦੀ ਦੇ ਕੌਮੀ ਆਗੂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਲੋਕ ਸਭਾ ਵਿੱਚ ਜਾ ਕੇ ਸੌ ਚੁੱਕ ਲਈ ਹੈ, ਜਿਸ ਦੀ ਪੂਰੇ ਸਿੱਖ ਜਗਤ ਵਿੱਚ ਖੁਸ਼ੀ ਦੀ ਲਹਿਰ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਹਰਲੀਨ ਸਿੰਘ ਯੂ ਐਸ ਏ ਸੀਨੀਅਰ ਆਗੂ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਕੀਤਾ। ਉਹਨਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸ, ਸਿਮਰਨਜੀਤ ਸਿੰਘ ਮਾਨ ਸਿੱਖ ਕੌਮ ਦੀ ਲੜਾਈ ਲੜਦੇ ਆ ਰਹੇ ਹਨ ਉਹਨਾਂ ਨੇ ਖਾਲਿਸਤਾਨ ਦੇ ਨਾਂ ਤੇ ਅੱਜ ਵੀ ਸਿੱਖਾਂ ਦਾ ਵੱਖਰਾ ਰਾਜ ਲੈਣ ਦੇ ਲਈ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਜਿੱਤਣ ਦੇ ਨਾਲ ਜਿੱਥੇ ਸਿੱਖ ਕੌਮ ਵਿੱਚ ਖੁਸ਼ੀ ਦੀ ਲਹਿਰ ਹੈ ਉੱਥੇ ਆਉਣ ਵਾਲੇ ਸਮੇਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਸਿੱਖਾਂ ਦੇ ਮਸਲਿਆਂ ਨੂੰ ਲੋਕ ਸਭਾ ਵਿੱਚ ਪਹਿਲ ਦੇ ਅਧਾਰ ਤੇ ਉਠਾ ਕੇ ਹੱਲ ਕਰਵਾਉਣ ਦੇ ਯਤਨ ਕੀਤੇ ਜਾਣਗੇ।

## ਐਡਵੋਕੇਟ ਧਾਮੀ ਨੇ ਬਰਤਾਨੀਆ 'ਚ ਸੰਸਦੀ ਚੋਣਾਂ ਦੌਰਾਨ ਜਿੱਤ ਦਰਜ ਕਰਨ ਵਾਲੇ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਨੂੰ ਦਿੱਤੀ ਵਧਾਈ



ਨਵੀਂ ਦਿੱਲੀ, 6 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਰਤਾਨੀਆਂ ਵਿਚ ਹੋਈਆਂ ਸੰਸਦੀ ਚੋਣਾਂ ਦੌਰਾਨ ਜਿੱਤ ਹਾਸਲ ਕਰਨ ਵਾਲੇ ਸਿੱਖ ਅਤੇ ਪੰਜਾਬੀ ਸੰਸਦ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਲਈ ਬੜੇ ਮਾਣ ਵਾਲੀ ਗੱਲ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਪੂਰੀ ਦੁਨੀਆਂ ਵਿਚ ਨਾਮਣਾ ਖੱਟਿਆ ਹੈ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਸਿਆਸਤ ਅੰਦਰ ਵੀ ਸਿੱਖਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਬਰਤਾਨੀਆਂ ਦੀ ਧਰਤੀ 'ਤੇ ਸਿੱਖਾਂ ਅਤੇ ਪੰਜਾਬੀਆਂ ਨੇ ਜਿੱਤ ਦਰਜ ਕੀਤੀ ਹੈ। ਐਡਵੋਕੇਟ ਧਾਮੀ ਨੇ ਸਿੱਖਾਂ ਦੀ ਤਰੱਕੀ ਤੇ ਚੜ੍ਹਦੀ ਕਲਾ ਲਈ ਪਰਮਾਤਮਾ ਅੱਗੇ ਅਰਦਾਸ ਕਰਨ ਦੇ ਨਾਲ ਨਾਲ ਆਸ ਪ੍ਰਗਟਾਈ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਨਵੇਂ ਚੁਣੇ ਸੰਸਦ ਮੈਂਬਰ ਪਹਿਲ ਕਦਮੀ ਵਿਖਾਉਂਦੇ ਹੋਏ ਭਰਪੂਰ ਕੋਸ਼ਿਸ਼ਾਂ ਕਰਨਗੇ।

## ਭਲਿਅਨ ਸੋ ਭਲਾ ਕਰੇ, ਇਹ ਜੱਗ ਕਾ ਵਿਵਹਾਰ ਬਰਿਅਨ ਸੋ ਭਲਾ ਤੇ ਵਿਰਲੇ ਸੰਸਾਰ: ਪੀ.ਸੀ ਕੁਮਾਰ

ਫ਼ਿਰੋਜ਼ਪੁਰ, 6 ਜੁਲਾਈ (ਮਨੋਹਰ ਲਾਲ) : ਭਲਿਅਨ ਸੋ ਭਲਾ ਕਰੇ, ਇਹ ਜੱਗ ਕਾ ਵਿਵਹਾਰ ਬਰਿਅਨ ਸੋ ਭਲਾ ਤੇ ਵਿਰਲੇ ਸੰਸਾਰ। ਇਹ ਵਿਚਾਰ ਸਾਂਝੇ ਕਰਦਿਆਂ ਸ੍ਰੀ ਪੀ.ਸੀ ਕੁਮਾਰ ਨੇ ਕਿਹਾ ਕਿ ਅਰਸਾ ਦੁਰਾਜ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਸਥਾਨਾਂ, ਧਾਰਮਿਕ, ਸ਼ੌਂਕ ਸਭਾਵਾਂ ਵਿਚ ਜਦੋਂ ਤੋਂ ਹੋਸ਼ ਸੰਭਾਲੀ ਅੱਜ ਅਸੀਂ ਚਾਰ ਚੌਰਾਸੀ ਦੀ ਉਮਰ ਦਾ ਆਂਕੜਾ ਪਾਰ ਕਰਕੇ ਨੌਕਰੀ ਦੌਰਾਨ ਤੋਂ ਲੈ ਕੇ ਅੱਜ ਸਿੱਖਿਆ ਤੇ ਸਿੱਖਿਆ ਅਫਸਰ ਸਿਹਤ ਵਿਭਾਗ ਸਿਵਲ ਸਰਜਨ ਦਫਤਰ ਫ਼ਿਰੋਜ਼ਪੁਰ ਵਿਚ ਦਿਨ ਰਾਤ ਪ੍ਰਚਾਰ ਕਰ ਬੱਚੇ ਹੋਏ ਬੁਰਾਇਆ ਤੋਂ ਬਚਾ ਤੇ ਵਿਗੜਿਆ ਨੂੰ ਮੁੱਖ ਧਾਰਾ ਵਿਚ ਵਾਪਸ ਲਿਆਉਣ ਦਾ ਜੰਗੀ ਪੱਧਰ ਤੇ ਮੁਹਿੰਮ ਚਲਾ ਅੱਜ ਦਾਰਵੇ ਨਾਲ ਕਰ ਸਕਦਾ ਜ਼ੋ ਮੈਂ ਆਪਣੇ ਜਾਂ ਆਪਣੇ ਸ਼ਹੀਦ ਪਰਿਵਾਰ ਲਈ ਨਹੀਂ ਬਲਕਿ ਸਮੁੱਚੀ ਮਾਨਵਤਾ ਬਲਕਿ ਧਰਤੀ ਅਕਾਸ਼ ਪਤਾਲ ਵਿਚ ਪਹਾੜਾਂ ਦੀਆਂ ਗੁਫਾਵਾਂ ਵਿਚ ਜੀਵ ਨਿਰਜੀਵ ਬਨਸਪਤੀ ਦੀ ਭਲਾਈ ਲਈ ਕਰ ਇਸ ਧਰਤੀ ਜ਼ੋ ਇਸ ਵੇਲੇ ਤਰਾਹ—ਤਰਾਹ ਕਰ ਪੁਕਾਰ ਕਰਦੀ, ਫਿਰ ਜ਼ੋ ਅੱਤ ਦਾ ਅਨਰਥ ਜਿਸਦਾ ਹੱਲ ਇਨ੍ਹਾਂ ਇਨਸਾਨਾਂ ਜ਼ੋ ਉਪਰ ਲਿਖੇ ਆਪ ਜੀ ਦਾ ਭਰੋਸਾ ਮਨ ਜ਼ੋ ਨੇਕੀ ਦੀ ਮੱਦਦ ਕਰਨਾ, ਨੇਕੀ ਬੁਰਾਈ ਨਾਲ ਬਾਲ ਬੁਰਾਈ ਨੂੰ ਮਿਟਾਉਣ ਨਾਲ ਨਹੀਂ ਨੇਕੀ ਨਾਲ ਖਤਮ ਕਰਨ ਦੇ ਰਸਤੇ ਚੱਲ ਰਹੇ ਹਨ, ਕਰਮ ਹੀ ਧਰਮ ਕਰ ਰਹੇ ਹਨ, ਜਿਸ ਦੀ ਮਿਸਾਲ ਇਹ ਸਾਧਨ ਜਿਸ ਨੇ ਕੱਲ ਹੀ ਬਜ਼ੁਰਗਾਂ ਨੂੰ ਹੀਰਾ ਮੰਡੀ ਵਿਚ ਸਿੰਘਾਂ ਤੇ ਚੁੱਕ ਮਾਰਿਆ, ਉਸ ਨੂੰ ਫੜ ਕਿਸੇ ਹੋਰ ਨੂੰ ਮਾਰ ਦੇਵੇ ਖੇੜੇ ਪਾਪਾਂ ਜ਼ੋ ਆਪਣੀ ਗਲਤੀ ਦਾ ਅਹਿਸਾਸ ਨਾ ਕੁਝ ਖਾ ਕੇ ਕਰ ਰਿਹਾ ਹੈ, ਮੂੰਹ ਵਿਚ ਪਾ ਰਹੇ ਹਾਂ, ਜਦੋਂ ਕਿ ਸਰਕਾਰਾਂ ਜ਼ੋ ਕਿਸੇ ਜਮਾਨੇ ਵਿਚ ਇਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਸੱਜੀ ਬਾਂਹ ਅਨਿਖੜਵਾਂ ਅੰਗ ਉਨ੍ਹਾਂ ਨੂੰ ਅੱਜ ਸੱਚ ਨੂੰ ਸੱਚ ਕਹਿਣ, ਲੋਕਾਂ ਦੇ ਜ਼ਿਕਰ ਦੇ ਟੁਕੜਿਆਂ ਨੂੰ ਪੰਜਾਬ ਵਿਚ ਅਲੋਪ ਕਰ।

# ਸਿੰਘ ਸਾਹਿਬ ਗਿ. ਪਰਵਿੰਦਰਪਾਲ ਸਿੰਘ ਦਮਦਮੀ ਟਕਸਾਲ ਹੋਏ ਨਤਮਸਤਕ

**ਕਿਹਾ ਕਿ ਗਿਆਨੀ ਜੀ ਇੱਕ ਉੱਚ ਕੋਟੀ ਦੇ ਕਥਾਵਾਚਕ ਹਨ ,ਜੋ ਦੇਸ਼ਾਂ-ਵਿਦੇਸ਼ਾਂ 'ਚ ਜਾ ਕੇ ਬਾਣੀ ਤੇ ਬਾਣੇ ਦੇ ਪ੍ਰਚਾਰ-ਪ੍ਰਸਾਰ ਲਈ ਦਿਨ ਰਾਤ ਸੇਵਾ ਕਰ ਰਹੇ ਹਨ।ਇਸ ਦੌਰਾਨ ਉਨ੍ਹਾਂ ਨੂੰ ਸਤਿਕਾਰ ਵਜੋਂ ਸਿਰਪਾਓ ਵੀ ਭੇਟ ਕੀਤਾ ਗਿਆ**








ਚੌਂਕ ਮਹਿਤਾ, 6 ਜੁਲਾਈ(ਬਾਬਾ ਸੁਖਵੰਤ ਸਿੰਘ ਚੰਨਣਕੇ)- ਦਮਦਮੀ ਟਕਸਾਲ ਮੁਖੀ ਸੰਤ ਗਿ.ਹਰਨਾਮ ਸਿੰਘ ਖਾਲਸਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ(ਸਿੰਘ ਸਾਹਿਬ) ਨਿਯੁਕਤ ਹੋਏ ਗਿ.ਪਰਵਿੰਦਰਪਾਲ ਸਿੰਘ ਬੁੱਟਰ ਨੂੰ ਵਧਾਈ ਦਿੰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਫੈਸਲੈ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਗਿ.ਪਰਵਿੰਦਰਪਾਲ ਸਿੰਘ ਬੁੱਟਰ ਇਸ ਸੇਵਾ ਦੇ ਲਈ ਪੂਰੀ ਤਰ੍ਹਾਂ ਯੋਗ ਹਨ।ਇਸ ਦੌਰਾਨ ਸਿੰਘ ਸਾਹਿਬ ਗਿ.ਪਰਵਿੰਦਰਪਾਲ ਸਿੰਘ ਅੱਜ ਇੱਥੇ ਦਮਦਮੀ ਟਕਸਾਲ ਵਿਖੇ ਪੁੱਜੇ,ਜਿੱਥੇ ਉਹ ਗੁ.ਗੁਰਦਰਸ਼ਨ ਪ੍ਰਕਾਸ਼ ਵਿਖੇ ਨਤਮਸਕ ਹੋਏ ਤੇ ਗੁਰੂ ਸਾਹਿਬ ਨੂੰ ਰੁਮਾਲਾ ਸਾਹਿਬ ਭੇਟ ਕਰਦੇ ਹੋਏ ਇਸ ਨਿਯੁਕਤੀ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।ਉਨ੍ਹਾਂ ਕਿਹਾ ਕਿ ਉਸ ਅਕਾਲ ਪੁਰਖ ਦੀ ਕ੍ਰਿਪਾ ਸਦਕਾ ਹੀ ਇਹ ਵੱਡਮੁੱਲਾ ਮਾਣ ਸਤਿਕਾਰ ਪ੍ਰਾਪਤ ਹੋਇਆ ਹੈ। ਉਹ ਸ਼੍ਰੋਮਣੀ ਕਮੇਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋਣਗੇ ਤੇ ਸੁਭਾਗਾਂ ਨਾਲ ਮਿਲੀ ਗੁਰੂ ਘਰ ਦੀ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਦਮਦਮੀ ਟਕਸਾਲ ਵੱਲੋਂ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ,ਜਥੇਦਾਰ ਬਾਬਾ ਬੋਹੜ ਸਿੰਘ ਤੇ ਭਾਈ ਸਤਨਾਮ ਸਿੰਘ ਨੇ ਸਿੰਘ ਸਾਹਿਬ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਗਿ.ਪਰਵਿੰਦਰਪਾਲ ਸਿੰਘ ਦਮਦਮੀ ਟਕਸਾਲ ਦੇ ਬਹੁਤ ਹੀ ਪੁਰਾਣੇ ਵਿਦਿਆਰਥੀ ਹਨ,ਜੋ 15ਵੇਂ ਮੁਖੀ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਦੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਹਨ।ਉਨ੍ਹਾਂ ਨੇ ਕਿਹਾ ਕਿ ਗਿਆਨੀ ਜੀ ਇੱਕ ਉੱਚ ਕੋਟੀ ਦੇ ਕਥਾਵਾਚਕ ਹਨ ,ਜੋ ਦੇਸ਼ਾਂ-ਵਿਦੇਸ਼ਾਂ 'ਚ ਜਾ ਕੇ ਬਾਣੀ ਤੇ ਬਾਣੇ ਦੇ ਪ੍ਰਚਾਰ-ਪ੍ਰਸਾਰ ਲਈ ਦਿਨ ਰਾਤ ਸੇਵਾ ਕਰ ਰਹੇ ਹਨ।ਇਸ ਦੌਰਾਨ ਉਨ੍ਹਾਂ ਨੂੰ ਸਤਿਕਾਰ ਵਜੋਂ ਸਿਰਪਾਓ ਵੀ ਭੇਟ ਕੀਤਾ ਗਿਆ।ਇਸ ਮੌਕੇ ਭਾਈ ਨਿਰਮਲ ਸਿੰਘ,ਭਾਈ ਹਰਭਜਨ ਸਿੰਘ,ਭਾਈ ਗੁਰਬਾਜ਼ ਸਿੰਘ,ਗਿ.ਮਨਦੀਪ ਸਿੰਘ,ਭਾਈ ਕੁਲਦੀਪ ਸਿੰਘ ਤੇ ਪ੍ਰਿੰ.ਜੋਬਨਪ੍ਰੀਤ ਸਿੰਘ ਵੀ ਮੌਜੂਦ ਸਨ।

# ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਵੱਲੋਂ ਮੈਂਬਰ ਪਾਰਲੀਮੈਂਟ ਵੱਜੋ ਸੌਂਹ ਚੁੱਕਣ ਨਾਲ ਪੰਜਾਬ ਅਤੇ ਪੰਥ ਦੇ ਰਾਜਨੀਤਕ ਭਵਿੱਖ ਲਈ ਨਵੇਂ ਯੁੱਗ ਦੀ ਸ਼ੁਰੂਆਤ : ਤਾਲਿਬਪੁਰਾ, ਪੁਰੇਵਾਲ



ਅੰਮ੍ਰਿਤਸਰ, 6 ਜੁਲਾਈ (ਆਵਾਜ਼ਿ ਕੌਮ ਬਿਊਰੋ ) ਪੰਜਾਬ ਅਤੇ ਪੰਥ ਵਿਰੋਧੀਆਂ ਦੀ ਜ਼ੁਬਾਨ ਤੇ ਵਿਰਾਮ ਲਗਾਉਂਦਾ ਆਖਰ ਉਹ ਸਮਾਂ ਆ ਹੀ ਗਿਆ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਜੀ ਨੇ ਬਤੌਰ ਮੈਂਬਰ ਪਾਰਲੀਮੈਂਟ ਸੌਂਹ ਚੁੱਕੇ ਲਈ ਹੈ ਅਤੇ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਹੁਣ ਦੇਸ਼ ਦੀ ਮਹਾਂ-ਪੰਚਾਇਤ ਦਾ ਹਿੱਸਾ ਬਣ ਗਏ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇਕ ਮੀਟਿੰਗ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਦੀ ਇਲੈਕਸ਼ਨ ਕੰਪੇਨ ਤੇ ਦਫ਼ਤਰ ਇੰਚਾਰਜ ਭਾਈ ਸੁਰਿੰਦਰਪਾਲ ਸਿੰਘ ਜੀ ਤਾਲਿਬਪੁਰਾ ਅਤੇ ਸਾਬਕਾ ਫੈਡਰੇਸ਼ਨ ਆਗੂ ਸਿਆਸੀ ਮਾਮਲਿਆਂ ਦੇ ਮਾਹਿਰ ਭਾਈ ਹਰਜੀਤ ਸਿੰਘ ਜੀ ਪੁਰੇਵਾਲ ਨੇ ਕੀਤਾ। ਇਸ ਮੀਟਿੰਗ ਵਿੱਚ ਭਾਈ ਤਾਲਿਬਪੁਰਾ ਅਤੇ ਭਾਈ ਪੁਰੇਵਾਲ ਸਾਹਬ ਤੋਂ ਇਲਾਵਾ ਫੈਡਰੇਸ਼ਨ ਆਗੂ ਭਾਈ ਮਧੂਪਾਲ ਸਿੰਘ ਜੀ ਗੋਗਾ, ਭਾਈ ਕੁਲਬੀਰ ਸਿੰਘ ਜੀ ਗੰਡੀਵਿੰਡ ( ਜੋਧਪੁਰੀ ), ਭਾਈ ਮਨਜੀਤ ਸਿੰਘ ਜੀ ਠਰੂ ਰਾਜ ਖ਼ਾਲਸਾ, ਭਾਈ ਹਰਮਿੰਦਰ ਸਿੰਘ ਜੀ, ਭਾਈ ਆਦਰਸ਼ਪਾਲ ਸਿੰਘ ਜੀ, ਭਾਈ ਸਤਵਿੰਦਰ ਸਿੰਘ ਜੀ ਸਾਂਘਣਾ ( ਸਾਬਕਾ ਮੈਂਬਰ ਪੰਚਾਇਤ ), ਭਾਈ ਪਰਵਿੰਦਰ ਸਿੰਘ ਜੀ ਅੰਤਰਜਾਮੀ ਕਲੋਨੀ, ਭਾਈ ਮਨਜੀਤ ਸਿੰਘ ਜੀ ਸੈਣੀ, ਭਾਈ ਗੁਰਪ੍ਰੀਤ ਸਿੰਘ ਦਾਬਾਂਵਾਲੀ, ਭਾਈ ਹਰਜੀਤ ਸਿੰਘ ਜੀ ਖ਼ਾਲਸਾ, ਭਾਈ ਹਰੀ ਸਿੰਘ ਜੀ, ਭਾਈ ਜਰਨੈਲ ਸਿੰਘ ਸਦਿਓੜਾ, ਭਾਈ ਬਲਵਿੰਦਰ ਸਿੰਘ ਜੀ ਫੌਜੀ, ਭਾਈ ਗੁਰਪ੍ਰੀਤ ਸਿੰਘ ਜੀ ਗੋਪੀ, ਭਾਈ ਸੁਖਦਿਆਲ ਸਿੰਘ ਜੀ, ਭਾਈ ਗੁਰਜੀਤ ਸਿੰਘ ਜੀ ਕੋਹਾਲੀ, ਭਾਈ ਕੰਵਲਜੀਤ ਸਿੰਘ ਮਨੀ, ਭਾਈ ਹਰਪ੍ਰੀਤ ਸਿੰਘ ਜੀ ਅਤੇ ਭਾਈ ਸੌਦਾਗਰ ਸਿੰਘ ਜੀ ਨੇ ਭਾਗ ਲਿਆ ਨੇ ਭਾਗ ਲਿਆ। ਇਸ ਮੀਟਿੰਗ ਉਪਰੰਤ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਸਾਂਝੇ ਪ੍ਰੈਸ ਨੋਟ ਰਾਹੀਂ ਉਕਤ ਪੰਥਕ ਆਗੂਆਂ ਨੇ ਕਿਹਾ ਕਿ ਦੇਸ਼ ਕੌਮ ਵਾਸਤੇ ਕੁਰਬਾਨੀਆਂ ਕਰਨ ਵਾਲਾ ਸੂਬਾ ਪੰਜਾਬ ਰਵਾਇਤੀ ਸਿਆਸੀ ਪਾਰਟੀਆਂ ਦੀਆਂ ਘਟੀਆ ਕਾਰਗੁਜਾਰੀਆਂ ਕਾਰਨ ਇਸ ਵਕਤ ਹਰ ਪਹਿਲੂ ਤੋਂ ਬਰਬਾਦੀ ਦੇ ਕੰਡੇ ਤੇ ਖੜੋਤਾ ਹੋਇਆ ਅਤੇ ਇਥੋਂ ਦੀ ਨੌਜਵਾਨੀ ਨੇ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲੋਂ ਬਿਲਕੁਲ ਟੁੱਟਣ ਦੇ ਨਾਲ-ਨਾਲ ਬਾਹਰਲੇ ਮੁਲਕਾਂ ਦਾ ਰੁੱਖ ਕੀਤਾ ਹੋਇਆ ਹੈ। ਪ੍ਰੰਤੂ ਅਜਿਹੇ ਸਮੇਂ ਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਵਰਗੇ ਆਗੂ ਦਾ ਮਿਲ ਜਾਣਾਂ ਸਮੁੱਚੇ ਪੰਜਾਬ ਅਤੇ ਸਿੱਖ ਪੰਥ ਲਈ ਇਕ ਨਵੀਂ ਆਸ ਦੇ ਜਾਗਣ ਸਮਾਨ ਹੈ। ਉਹਨਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਵੱਲੋਂ ਮੈਂਬਰ ਪਾਰਲੀਮੈਂਟ ਵੱਜੋ ਸੌਂਹ ਚੁੱਕਣ ਨਾਲ ਪੰਜਾਬ ਅਤੇ ਪੰਥ ਦੇ ਰਾਜਨੀਤਕ ਭਵਿੱਖ ਲਈ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ ਅਤੇ ਪੰਜਾਬ ਦਾ ਸਿੱਖ ਯੂਥ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਰਿਹਾਈ ਦਾ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਹੈ। ਮੀਟਿੰਗ ਵਿੱਚ ਭਾਈ ਕੁਲਬੀਰ ਸਿੰਘ ਜੀ ਗੰਡੀਵਿੰਡ ਨੇ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਸੌਂਹ ਚੁੱਕਣ ਸਮੇਂ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੀ ਜ਼ੋਰਦਾਰ ਨਿੰਦਿਆ ਕੀਤੀ ਹੈ ਅਤੇ ਕਿਹਾ ਹੈ ਕਿ ਐਸਾ ਕਰਨ ਨਾਲ ਸਮੁੱਚੇ ਦੇਸ਼ ਦੇ ਲੋਕਤੰਤਰਿਕ ਢਾਂਚੇ ਤੇ ਗਹਿਰੀ ਚੋਟ ਲੱਗੀ ਹੈ ਅਤੇ ਦੇਸ਼ ਦੀਆਂ ਸਰਕਾਰਾਂ ਵੱਲੋਂ ਉਠਾਏ ਗਏ ਅਜਿਹੇ ਲੋਕਤੰਤਰ ਵਿਰੋਧੀ ਕਦਮ ਦੇਸ਼ ਇਕਮੁੱਠਤਾ ਤੇ ਆਰਥਿਕਤਾ ਨੂੰ ਕਮਜ਼ੋਰ ਬਣਾਉਂਦੇ ਹਨ। ਐਸਾ ਹੋਣ ਨਾਲ ਦੇਸ਼ ਦੀ ਜਨਤਾ ਦਾ ਦੇਸ਼ ਦੀ ਕਾਨੂੰਨ ਵਿਵਸਥਾਵਾਂ ਤੋਂ ਮੋਹ ਭੰਗ ਹੁੰਦਾ ਹੈ ਤੇ ਸਾਰੀ ਦੁਨੀਆਂ ਵਿੱਚ ਗ਼ਲਤ ਇਕ ਸੁਨੇਹਾ ਜਾਂਦਾ ਹੈ ਜੋ ਭਵਿੱਖ ਵਾਸਤੇ ਬਹੁਤ ਹੀ ਮੰਦਭਾਗਾ ਹੈ। ਅਖੀਰ ਵਿੱਚ ਸਮੂਹ ਪੰਥਕ ਆਗੂਆਂ ਨੇ ਦੇਸ਼ ਦੀ ਸਰਵ-ਉੱਚ ਅਦਾਲਤ ਦੇ ਚੀਫ਼ ਜਸਟਿਸ ਤੋਂ ਮੰਗ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਸੰਵਿਧਾਨ ਮੁਤਾਬਕ ਬਤੌਰ ਮੈਂਬਰ ਪਾਰਲੀਮੈਂਟ ਸੋਂਹ ਚੁੱਕੇ ਜਾਣ ਤੇ ਉਹਨਾਂ ਤੇ ਲੱਗੀ ਐਨ ਐਸ ਏ ਹਟਾਕੇ ਜਲਦ ਤੋਂ ਜਲਦ ਰਿਹਾਅ ਕੀਤਾ ਜਾਵੇ ਤਾਂ ਜੋ ਉਹ ਬਾਕੀ ਮੈਂਬਰ ਪਾਰਲੀਮੈਂਟ ਵਾਂਗ ਆਪਣੇ ਹਲਕੇ ਵਿੱਚ ਵਿਚਰ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# Nankana Sahib Yatra Committe Uk



## pakistan gurdwara yatra

6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

ਆਵਾਜ਼ਿ ਕੌਮ AWAZE QAUM

# ਇੱਕ ਨਜ਼ਰ



## ਵਿਧਾਇਕ ਰਣਬੀਰ ਭੁੱਲਰ ਨੇ ਸਤਲੁਜ ਦਰਿਆ ਦੇ ਬੰਨ੍ਹਾਂ ਦਾ ਕੀਤਾ ਨਿਰੀਖਣ

ਫ਼ਿਰੋਜ਼ਪੁਰ, 6 ਜੁਲਾਈ (ਮਨੋਹਰ ਲਾਲ) : ਸੰਭਾਵਿਤ ਹੜ੍ਹਾਂ ਦੇ ਚਲਦਿਆਂ ਇਲਾਕਾ ਨਿਵਾਸੀਆਂ ਦੀਆਂ ਸਮੱਸਿਆਵਾਂ ਜਾਨਣ ਲਈ ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡ ਮੁੱਠਿਆਂ ਵਾਲਾ, ਧੀਰਾ ਘਾਰਾ ਆਦਿ ਦਾ ਦੌਰਾ ਕੀਤਾ ਅਤੇ ਸੰਭਾਵਿਤ ਹੜ੍ਹਾਂ ਦੇ ਮੱਦੇਨਜ਼ਰ ਦਰਿਆਂ ਬੰਨ੍ਹਾਂ ਤੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਇਸ ਮੌਕੇ ਐਸ.ਡੀ.ਐਮ. ਫ਼ਿਰੋਜ਼ਪੁਰ ਡਾ. ਚਾਰੂਮਿਤਾ ਅਤੇ ਡਰੇਨੇਜ਼ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਬੰਨ੍ਹਾਂ ਦਾ ਨਿਰੀਖਣ ਕਰਨ ਉਪਰੰਤ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਤਲੁਜ ਦਰਿਆ ਦੇ ਬੰਨ੍ਹਾਂ ਦੀ ਸਥਿਤੀ ਜਿਥੇ ਕਿਤੇ ਵੀ ਕਮਜ਼ੋਰ ਲੱਗ ਰਹੀ ਹੈ ਉੱਥੇ ਮਿੱਟੀ ਪੁਆ ਕੇ ਬੰਨ੍ਹ ਨੂੰ ਮਜ਼ਬੂਤ ਕਰ ਲਿਆ ਜਾਵੇ ਤਾਂ ਜੋ ਪਾਣੀ ਦਾ ਪੱਧਰ ਵੱਧਣ ਤੇ ਬੰਨ੍ਹ ਟੁੱਟਣ ਦਾ ਖ਼ਤਰਾ ਨਾ ਰਹੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਹਲਕੇ ਅੰਦਰ ਪੈਂਦੇ ਸੰਭਾਵੀ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਲਗਾਤਾਰ ਦੌਰਾ ਕੀਤਾ ਜਾਵੇਗਾ। ਵਿਧਾਇਕ ਭੁੱਲਰ ਨੇ ਕਿਹਾ ਕਿ ਮੇਰਾ ਹਲਕਾ ਮੇਰਾ ਪਰਿਵਾਰ ਵਾਂਗ ਹੈ ਅਤੇ ਮੈਂ ਹਰ ਸਮੇਂ ਆਪਣੇ ਪਰਿਵਾਰ ਦੀ ਮੱਦਦ ਲਈ ਤਤਪਰ ਹਾਂ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਫ਼ਿਰੋਜ਼ਪੁਰ ਸ਼ਹਿਰ ਬਲਰਾਜ ਸਿੰਘ ਕਟੋਰਾ, ਬਲਾਕ ਪ੍ਰਧਾਨ ਬਲਦੇਵ ਸਿੰਘ ਮੱਲੀ, ਮਨਪ੍ਰੀਤ ਚੀਮਾ, ਅਮਰਿੰਦਰ ਬਰਾੜ, ਹਿਮਾਂਸ਼ੂ ਠੱਕਰ ਅਤੇ ਮਨਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪਿੰਡ ਆਰਿਫਕੇ ਵਿਖੇ ਫੀਲਡ ਵਿਜ਼ੀਟ ਦੌਰਾਨ ਵਿਧਾਇਕ ਫ਼ਿਰੋਜ਼ਪੁਰ ਸ਼ਹਿਰ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਿਕਲਾਂ



ਫ਼ਿਰੋਜ਼ਪੁਰ, 6 ਜੁਲਾਈ (ਮਨੋਹਰ ਲਾਲ) : ਪੰਜਾਬ ਭਰ ਵਿਚ ਆਮ ਲੋਕਾਂ ਦੀਆਂ ਸਮੱਸਿਆਵਾਂ ਜਾਨਣ ਲਈ ਮੁੱਖ ਮੰਤਰੀ ਪੰਜਾਬ ਵੱਲੋਂ ਮਿਲੇ ਨਿਰਦੇਸ਼ਾਂ ਤੇ ਕਾਰਵਾਈ ਕਰਦੇ ਹੋਏ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਵੱਲੋਂ ਪਿੰਡ ਆਰਿਫਕੇ ਵਿਖੇ ਫੀਲਡ ਵਿਜ਼ੀਟ ਕੀਤਾ ਗਿਆ। ਇਸ ਮੌਕੇ ਵਿਧਾਇਕ ਸਮੇਤ ਆਹਲਾ ਅਧਿਕਾਰੀਆਂ ਵੱਲੋਂ ਆਮ ਲੋਕਾਂ ਦੀਆਂ ਮੁਸ਼ਿਕਲਾਂ ਸੁਣੀਆਂ ਅਤੇ ਵਿਕਾਸ ਕਾਰਜਾਂ ਸਬੰਧੀ ਜਾਇਜਾ ਲਿਆ ਗਿਆ ਅਤੇ ਮੌਕੇ ਤੇ ਹੀ ਕਈ ਦਰਖਾਸਤਾਂ ਦਾ ਨਿਪਟਾਰਾ ਕਰਦੇ ਹੋਏ ਵਿਭਾਗਾਂ ਦੇ ਹਾਜ਼ਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ। ਇਸ ਦੌਰਾਨ ਪਿੰਡ ਆਰਿਫਕੇ ਦੇ ਨਾਲ ਲੱਗਦੇ ਪਿੰਡ ਬੱਗੇ ਵਾਲਾ, ਗੁਲਾਮੀ ਵਾਲਾ, ਉਸਮਾਨ ਵਾਲਾ, ਇਲਮੇਵਾਲਾ, ਟੱਲੀ ਸੈਦਾਂ ਸ਼ਾਹੂ, ਬਸਤੀ ਗੁਰਦਿਆਲ ਸਿੰਘ ਅਤੇ ਦੌਲਤਪੁਰਾ ਦੇ ਵੀ ਲੋਕ ਸ਼ਾਮਲ ਹੋਏ। ਪਿੰਡ ਆਰਿਫ ਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਇਸ ਵਿਜ਼ੀਟ ਦੌਰਾਨ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕਰਕੇ ਆਪਣੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਇਸ ਤਰ੍ਹਾਂ ਦੀਆਂ ਵਿਜ਼ੀਟਾਂ ਕਰਕੇ ਆਮ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਲੋਕਾਂ ਦੀਆਂ ਮੁਸ਼ਿਕਲਾਂ ਦਾ ਹੱਲ ਕਰਨਾ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਪ੍ਰਸ਼ਾਸਨ ਵੱਲੋਂ ਸ੍ਰੀਮਤੀ ਨਿਧੀ ਕੋਲਾਤਰਾ ਐਡੀਸ਼ਨਲ ਡਿਪਟੀ ਕਮਿਸ਼ਨਰ, ਸ੍ਰੀਮਤੀ ਚਾਰੁਮਿਤਾ ਉਪ ਮੰਡਲ ਮੈਜਿਸਟਰੇਟ ਫ਼ਿਰੋਜ਼ਪੁਰ, ਐਸ.ਐਚ.ਓ ਆਰਿਫਕੇ, ਬੀ.ਡੀ.ਪੀ.ਓ ਫ਼ਿਰੋਜ਼ਪੁਰ ਮਾਰਕੀਟ ਕਮੇਟੀ ਚੇਅਰਮੈਨ ਬਲਰਾਜ ਸਿੰਘ ਕਟੋਰਾ, ਬਲਾਕ ਖੇਤੀਬਾੜੀ ਅਫਸਰ ਫ਼ਿਰੋਜ਼ਪੁਰ ਆਦਿ ਹੋਰ ਕਈ ਮੋਹਤਬਰ ਵਿਅਕਤੀ ਮੌਜੂਦ ਸਨ।

## ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਕੁਲਗੜੀ ਵਿਖੇ ਸਹਿਪਾਠੀ ਸਬੰਧਤ ਕੈਂਪ ਲਗਾਇਆ ਗਿਆ



ਫ਼ਿਰੋਜ਼ਪੁਰ, 6 ਜੁਲਾਈ (ਮਨੋਹਰ ਲਾਲ) :— ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਕੁੱਲਗੜੀ ਵਿਖੇ ਗਰਮੀ ਦੀਆਂ ਛੁੱਟੀਆਂ ਦੌਰਾਨ ਜਿੱਥੇ ਵਿਦਿਆਰਥੀਆਂ ਨੂੰ ਪੜ੍ਹਾਈ ਨਾਲ ਸਬੰਧਤ ਘਰ ਦਾ ਕੰਮ ਦਿੱਤਾ ਗਿਆ ਉੱਥੇ ਹੀ ਸਕੂਲ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਸਹਿਪਾਠੀ ਕਿਰਿਆਵਾਂ ਸਬੰਧਿਤ ਮਾਡਲ ਤਿਆਰ ਕਰਨ ਲਈ ਕਿਹਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਬੜੇ ਉਤਸਾਹ ਨਾਲ ਮਾਡਲ ਤਿਆਰ ਕੀਤੇ ਗਏ, ਇਨ੍ਹਾਂ ਕਰਿਆਵਾਂ ਵਿੱਚ ਬੱਚਿਆਂ ਨੇ ਗੰਦੇ ਪਾਣੀ ਨੂੰ ਸ਼ੁੱਧ ਕਿਵੇਂ ਕਰੀਏ ਵਾਤਾਵਰਨ ਦੀ ਸਾਂਭ ਸੰਭਾਲ ਤੇ ਸਾਇੰਸ ਨਾਲ ਸਬੰਧਤ ਮਾਡਲ ਬੜੇ ਹੀ ਸਚਾਰੂ ਢੰਗ ਨਾਲ ਪੇਸ਼ ਕੀਤੇ ਜਿੰਨਾ ਵਿਦਿਆਰਥੀਆਂ ਨੇ ਸਭ ਤੋਂ ਵਧੀਆ ਮਾਡਲ ਤਿਆਰ ਕੀਤੇ ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਕੰਵਰਜੀਤ ਸਿੰਘ ਸੰਧੂ ਡਾਇਰੈਕਟਰ ਪਰਵਿੰਦਰ ਸਿੰਘ ਸੰਧੂ ਮੈਨੇਜਿੰਗ ਡਾਇਰੈਕਟਰ ਸ਼ੁਭਾਸ ਸਿੰਘ ਸਕੂਲ ਪ੍ਰਿੰਸੀਪਲ ਮੈਡਮ ਗੀਤੂ ਚੋਪੜਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ਼ਬਾਸ ਸਿੰਘ ਨੇ ਦੱਸਿਆ ਕਿ ਸਕੂਲ ਵਿੱਚ ਪੜ੍ਹਾਈ ਦੇ ਨਾਲ—ਨਾਲ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਕਿਰਿਆਵਾਂ ਕਰਵਾ ਕੇ ਧਰਤੀ ਹੇਠਲੇ ਪਾਣੀ ਵਾਤਾਵਰਨ ਅਤੇ ਸਾਇੰਸ ਤੋਂ ਜਾਣੂ ਕਰਵਾਇਆ ਜਾਂਦਾ ਹੈ। ਉਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਸਹਿਪਾਠੀ ਕਿਰਿਆ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਤ ਕੀਤਾ ਗਿਆ।

# ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਚਟਾਨ ਵਾਂਗ ਖੜੇ ਰਿਆੜਕੀ ਦੇ ਲੋਕ; ਰਾਜਨਬੀਰ ਸਿੰਘ ਘੁਮਾਣ

**ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼ੌਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਗਗਨਦੀਪ ਸਿੰਘ ਰਿਆੜ ਨੇ ਕਿਹਾ ਕਿ ਅਸੀਂ ਹਮੇਸ਼ਾ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ਰਿਆੜਕੀ ਦੇ....**



ਸ੍ਰੀ ਹਰਗੋਬਿੰਦਪੁਰ ਸਾਹਿਬ, 6 ਜੁਲਾਈ (ਕੁਲਜੀਤ ਸਿੰਘ ਖੋਖਰ)– ਸ਼ੋਮਣੀ ਅਕਾਲੀ ਦਲ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਸਰਦਾਰ ਰਾਜਨਬੀਰ ਸਿੰਘ ਘੁਮਾਣ ਵੱਲੋ ਅੱਜ ਕਸਬਾ ਹਰਚੋਵਾਲ ਵਿਖੇ ਸ਼ੌਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਵਿਸ਼ੇਸ਼ ਤੌਰ ਵਿਚਾਰ ਵਟਾਂਦਰਾ ਕਰਨ ਉਪਰੰਤ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਚਟਾਨ ਵਾਂਗ ਖੜੇ ਹਨ। ਕਿਉਂਕਿ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਕਬੂਲ ਕੀਤਾ ਉਨ੍ਹਾਂ ਕਿਹਾ ਕਿ ਜੋ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਬਹੁਤ ਸੂਝਵਾਨ ਵਧੀਆ ਤਰੀਕੇ ਨਾਲ ਜ਼ਿੰਮੇਵਾਰ ਆਗੂ ਹਨ। ਜਿਹਨਾਂ ਨੇ ਹਮੇਸ਼ਾ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਮਿਹਨਤ ਕੀਤੀ ਹੈ। ਜਿਹੜੇ ਲੋਕ ਪਾਰਟੀ ਨੂੰ ਦੋਫਾੜ ਕਰਨ ਲਈ ਅੰਦਰਖਾਤੇ ਪਾਰਟੀ ਨੂੰ ਕਮਜ਼ੋਰ ਕਰਨ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਇਹਨਾਂ ਸਾਜ਼ਿਸ਼ਾਂ ਨੂੰ ਲੋਕ ਭਲੀਭਾਂਤ ਜਾਣੂ ਹਨ ਕਿਉਂਕਿ ਕੇ ਇਹਨਾਂ ਲੋਕਾਂ ਨੇ ਸ਼ੋਮਣੀ ਅਕਾਲੀ ਦਲ ਪਾਰਟੀ ਵਿੱਚ ਅਹਿਮ ਅਹੁਦੇਦਾਰੀਆਂ ਵਜ਼ੀਰੀਆਂ ਦਾ ਅਨੰਦ ਮਾਣ ਆਪਣੇ ਪਰਿਵਾਰ ਨੂੰ ਚੈਅਰਮੈਨ ਆਦਿ ਉੱਚੇ ਅਹੁਦਿਆਂ ਰਹਿ ਕੇ ਅਨੰਦ ਮਾਣਿਆ ਹੁਣ ਪਾਰਟੀ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਜੋ ਕਦੇ ਵੀ ਕਾਮਯਾਬ ਨਹੀਂ ਹੋਵੇਗੀ। ਇਸ ਮੌਕੇ ਤੇ ਸਰਕਲ ਪ੍ਰਧਾਨ ਤਰਸੇਮ ਸਿੰਘ ਭਾਮ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸ਼ੌਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਭਾਈ ਗਗਨਦੀਪ ਸਿੰਘ ਰਿਆੜ, ਸੀਨੀਅਰ ਮੀਤ ਪ੍ਰਧਾਨ ਸਰਦੂਲ ਸਿੰਘ ਔਲਖ, ਸੀਨੀਅਰ ਆਗੂ ਸਤਿਨਾਮ ਸਿੰਘ ਔਲਖ, ਪਰਮਜੀਤ ਸਿੰਘ ਔਲਖ, ਧਰਮਿੰਦਰ ਸਿੰਘ ਹਰਚੋਵਾਲ, ਦਿਲਬਾਗ ਸਿੰਘ ਬੱਗੋ, ਰਛਪਾਲ ਸਿੰਘ ਹਰਚੋਵਾਲ, ਡਾਕਟਰ ਸਤਿਨਾਮ ਸਿੰਘ ਆਦਿ ਆਗੂ ਨੇ ਕਿਹਾ ਕਿ ਸਮੂਹ ਰਿਆੜਕੀ ਦੇ ਲੋਕ ਸ਼ੌਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਚਟਾਨ ਵਾਂਗ ਖੜੇ ਹਨ ਹਮੇਸ਼ਾ ਸ਼ੋਮਣੀ ਅਕਾਲੀ ਦਲ ਦੀ ਪਾਰਟੀ ਵਾਸਤੇ ਦਿਨ ਰਾਤ ਮਿਹਨਤ ਕਰਦੇ ਰਹਿਣਗੇ। ਸ਼ੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇਗਾ। ਇਸ ਮੌਕੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼ੌਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਗਗਨਦੀਪ ਸਿੰਘ ਰਿਆੜ ਨੇ ਕਿਹਾ ਕਿ ਅਸੀਂ ਹਮੇਸ਼ਾ ਪਾਰਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ਰਿਆੜਕੀ ਦੇ ਲੋਕ ਸ਼ੌਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਚਟਾਨ ਵਾਂਗ ਖੜੇ ਹਨ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦੇ ਹੱਕ ਵਿੱਚ ਦਿਨ ਰਾਤ ਮਿਹਨਤ ਕਰ ਕੇ ਸ਼ੋਮਣੀ ਅਕਾਲੀ ਦਲ ਨੂੰ ਬੁਲੰਦੀਆਂ ਤੱਕ ਲੈ ਕੇ ਜਾਵਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਨਸ਼ੇ ਵਿਰੋਧੀ ਮੁਹਿੰਮ ਦੀ ਆੜ ਹੇਠ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਲਈ ਅਤੀ ਨਿੰਦਣਯੋਗ: ਡਾ. ਗੁਰਮੇਲ ਸਿੰਘ ਘਈ



ਤਲਵੰਡੀ ਸਾਬੋ, 6 ਜੁਲਾਈ (ਗੁਰਜੰਟ ਸਿੰਘ ਨਥੇਹਾ)– ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਦੀ ਅਗਵਾਈ ਹੇਠ ਹੋਈ, ਜਿਸ ਵਿਚ ਬਹੁਤ ਸਾਰੇ ਸਾਥੀਆਂ ਨੇ ਭਾਗ ਲਿਆ। ਮੀਟਿੰਗ ਵਿੱਚ ਬੋਲਦਿਆਂ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਨੇ ਕਿਹਾ ਕਿ ਜੋ ਪੰਜਾਬ ਪੁਲਿਸ ਨੇ ਨਸ਼ਾ ਰੋਕੂ ਮੁਹਿੰਮ ਚਲਾਈ ਹੈ, ਉਸ ਦੀ ਬੜੀ ਸ਼ਲਾਘਾ ਕਰਦੇ ਹਾਂ। ਉਹਨਾਂ ਕਿਹਾ ਕਿ ਸਾਡੀ ਯੂਨੀਅਨ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਲਾਕੇ ਖੜੀ ਹੈ ਪਰ ਜੇਕਰ ਪੁਲਿਸ ਨਸ਼ੇ ਦੀ ਆੜ੍ਹ ਹੇਠ ਸਾਡੇ ਕਿਸੇ ਵੀ ਸਾਥੀ ਨਾਲ ਧੱਕਾ ਕਰਦੀ ਹੈ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਫਿਰ ਅਸੀਂ ਸੰਘਰਸ਼ ਦਾ ਰਾਹ ਅਖਤਿਆਰ ਕਰਾਂਗੇ ਸਾਡੇ ਸਾਥੀ ਬਿਲਕੁਲ ਸਾਫ ਸੁਥਰੀ ਪਰੈਕਟਿਸ ਕਰਦੇ ਹਨ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਨਛੱਤਰ ਸਿੰਘ ਨਥੇਹਾ, ਜ਼ਿਲ੍ਹਾ ਮੀਤ ਪ੍ਰਧਾਨ ਲਛਮਣ ਕੁਮਾਰ ਜਗਾ, ਜ਼ਿਲ੍ਹਾ ਕਾਰਜਕਾਰੀ ਮੈਂਬਰ ਬਿੱਕਰ ਸਿੰਘ ਸਿੱਧੂ, ਕੈਸ਼ੀਅਰ ਬਲਾਕ ਮੀਤ ਪ੍ਰਧਾਨ ਭੋਲਾ ਸਿੰਘ ਸ਼ੇਖਪੁਰਾ, ਮਨਜੀਤ ਸਿੰਘ ਧਿੰਗੜ, ਗੱਗੜ ਸਿੰਘ ਗਹਿਲੇਵਾਲਾ, ਰਛਪਾਲ ਸਿੰਘ ਤਲਵੰਡੀ, ਗੁਲਾਬ ਸਿੰਘ ਫੁੱਲੋਖਾਰੀ, ਬਲਵੰਤ ਸਿੰਘ ਕਣਕਵਾਲ, ਜਸਵੀਰ ਸਿੰਘ ਕੋਟਬਖਤੂ, ਜੀ ਐੱਸ ਖੋਖਰ, ਕੇਵਲ ਸਿੰਘ ਸੁਖਲੱਧੀ, ਅਮਨਦੀਪ ਸਿੰਘ, ਜੀਵਨ ਸਿੰਘ ਵਾਲਾ, ਗੁਰਦੀਪ ਸਿੰਘ ਜੀਵਨ ਸਿੰਘ ਵਾਲਾ, ਚਾਨਣ ਰਾਮ ਜਗਾ, ਗੁਰਮੀਤ ਸਿੰਘ ਜਗਾ, ਅਮਰੀਕ ਸਿੰਘ ਨਵਾਂ ਪਿੰਡ, ਗੁਰਪ੍ਰੀਤ ਸਿੰਘ ਤਲਵੰਡੀ ਸਾਬੋ, ਤਰਸੇਮ ਸਿੰਘ ਸ਼ੇਖਪੁਰਾ, ਅਨਮੋਲ, ਰਤਨਦੀਪ ਸਿੰਘ, ਹਰਭਗਵਾਨ ਸਿੰਘ ਸ਼ੇਖਪੁਰਾ, ਕੁਲਵਿੰਦਰ ਸਿੰਘ ਕੋਟਬਖਤੂ, ਬਲੌਰ ਸਿੰਘ ਭਾਗੀਵਾਂਦਰ, ਜੱਜਪ੍ਰੀਤ ਸਿੰਘ ਲਾਲੇਆਣਾ, ਗੁਰਦੀਪ ਸਿੰਘ ਲੇਲੇਵਾਲਾ, ਕੁਲਵੰਤ ਸਿੰਘ ਤਲਵੰਡੀ, ਕੇਵਲ ਸਿੰਘ ਜੀਵਨ ਸਿੰਘ ਵਾਲਾ, ਜਸ਼ਨਪ੍ਰੀਤ ਸਿੰਘ ਸ਼ੇਰਗੜ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ ਮਿਰਜ਼ੇਆਣਾ, ਜਗਸੀਰ ਸਿੰਘ ਸੀਂਗੋ, ਕੌਰ ਸਿੰਘ ਸੀਂਗੋ, ਗੁਰਵਿੰਦਰ ਸਿੰਘ ਬੰਗੀ ਦੀਪਾ, ਅੰਤਰ ਸਿੰਘ ਮਾਨਵਾਲਾ, ਗੁਰਪ੍ਰੀਤ ਸਿੰਘ ਸੁਖਲੱਧੀ, ਗੁਰਤੇਜ ਸਿੰਘ ਤਿਉਣਾ, ਕੌਰ ਸਿੰਘ ਭਾਗੀਵਾਂਦਰ, ਵਿਜੈ ਕੁਮਾਰ ਬਾਘਾ, ਸੁਖਵਿੰਦਰ ਸਿੰਘ ਮਾਨ ਰਾਮਾਂ ਮੰਡੀ, ਅਮ੍ਰਿਤਪਾਲ ਸਿੰਘ ਤਲਵੰਡੀ, ਪ੍ਰਗਟ ਸਿੰਘ ਕੋਟ ਫੱਤਾ, ਅਨਿਲ ਕੁਮਾਰ ਕੋਟ ਫੱਤਾ, ਕੁਲਵੰਤ ਸਿੰਘ ਧਿੰਗੜ, ਹਰਵਿੰਦਰ ਸਿੰਘ ਚਹਿਲਾਂ ਵਾਲੀ, ਜਗਸੀਰ ਸਿੰਘ ਰਾਮਾ ਮੰਡੀ, ਗੁਰਪ੍ਰੀਤ ਫੱਲੜ, ਮਿੱਠੂ ਖ਼ਾਨ ਲੇਲੇਵਾਲਾ, ਹਰਦੀਪ ਸਿੰਘ ਲੇਲੇਵਾਲਾ, ਨਾਜ਼ਰ ਸਿੰਘ, ਸੁਰੇਸ਼ ਕੁਮਾਰ ਤਲਵੰਡੀ ਸਾਬੋ, ਸੁਖਪਾਲ ਸਿੰਘ ਬਹਿਮਣ ਜੱਸਾ ਸਿੰਘ, ਜਸਵੰਤ ਸਿੰਘ ਸੀਂਗੋ, ਬਲਵੰਤ ਸਿੰਘ ਤਲਵੰਡੀ, ਰਾਜੇਸ਼ ਕੁਮਾਰ ਰਾਮਾਂ, ਜਸਵੀਰ ਸਿੰਘ ਕੋਟ ਫੱਤਾ, ਜਗਰੂਪ ਸਿੰਘ, ਜਗਦੀਸ਼ ਸਿੰਘ ਭੱਟੀ, ਨਿਰਮਲ ਸਿੰਘ ਲਹਿਰੀ, ਹਰਪ੍ਰੀਤ ਸਿੰਘ ਕੋਟਭਾਰਾ, ਸੁਖਚਰਨ ਸਿੰਘ, ਸੁਖਮੰਦਰ ਸਿੰਘ ਬੰਗੀ ਕਲਾਂ, ਨੇਕ ਸਿੰਘ ਨੰਗਲਾ ਆਦਿ ਸਾਥੀਆਂ ਨੇ ਭਾਗ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ ਚ ਰੁੱਖ ਲਗਾਉਣ ਦੀ ਮੁਹਿੰਮ ਤਹਿਤ ਨਗਰ ਕੌਂਸਲ ਜੰਡਿਆਲਾ ਗੁਰੂ ਨੇ ਰੁੱਖ ਲਗਾਉਣ ਦੀ ਕੀਤੀ ਗਈ ਸ਼ੁਰੂਆਤ





ਜੰਡਿਆਲਾ ਗੁਰੂ, 6 ਜੁਲਾਈ (ਕੁਲਵੰਤ ਸਿੰਘ ਵਿਰਦੀ)– ਵਾਤਾਵਰਣ ਨੂੰ ਸਾਫ਼ ਸੁਥਰਾ ਬਣਾਉਣ ਦੇ ਲਈ ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਵਿੱਢੀ ਗਈ ਹੈ। ਇਸੇ ਮੁਹਿੰਮ ਤਹਿਤ ਅੱਜ ਏ.ਡੀ.ਸੀ ਅਰਬਨ ਡਿਵੈਲਪਮੈਂਟ ਨਿਕਾਸ ਕੁਮਾਰ ਅਤੇ ਕਾਰਜਸਾਧਕ ਅਫ਼ਸਰ ਨਗਰ ਕੌਂਸਲ ਜੰਡਿਆਲਾ ਗੁਰੂ ਸ. ਜਗਤਾਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਗਰ ਕੌਂਸਲ ਜੰਡਿਆਲਾ ਗੁਰੂ ਵੱਲੋਂ ਰੁੱਖ ਲਗਾਉਣ ਦਾ ਆਗਾਜ਼ ਕੀਤਾ ਗਿਆ ਹੈ ।ਇਸ ਮੌਕੇ ਗੱਲਬਾਤ ਦੌਰਾਨ ਇੰਸਪੈਕਟਰ ਬਲਵਿੰਦਰ ਸਿੰਘ ਨਗਰ ਕੌਂਸਲ ਜੰਡਿਆਲਾ ਗੁਰੂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੰਡਿਆਲਾ ਗੁਰੂ ਦਾ ਕੋਈ ਕੋਨਾ ਰੁੱਖਾਂ ਤੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ। ਓਹਨਾਂ ਦੱਸਿਆ ਕਿ ਇਸ ਵਾਰ ਤਾਪਮਾਨ ਦੇ ਸਤਰ ਦਾ ਏਨਾ ਵਧ ਜਾਣ ਦਾ ਮੁੱਖ ਕਾਰਨ ਹੀ ਰੁੱਖਾਂ ਦਾ ਹੋ ਰਿਹਾ ਘਾਣ ਹੈ। ਓਹਨਾਂ ਦੱਸਿਆ ਕਿ ਅਗਰ ਕਿਸੇ ਨੂੰ ਵੀ ਰੁੱਖ ਲਗਾਉਣ ਦੀ ਇੱਛਾ ਹੋਵੇ ਉਹ ਨਗਰ ਕੌਂਸਲ ਨਾਲ਼ ਸੰਪਰਕ ਕਰ ਸਕਦਾ ਹੈ। ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਹ ਡਿਊਟੀ ਅਸੀਂ ਨਿਸ਼ਕਾਮ ਸੇਵਾ ਦੀ ਤਰ੍ਹਾਂ ਨਿਭਾਵਾਂਗੇ ਤਾਂ ਜੋ ਆਪਣੇ ਪੰਜਾਬ ਨੂੰ ਹਮੇਸ਼ਾ ਲਈ ਰੰਗਲਾ ਬਣਾ ਸਕੀਏ। ਇਸ ਮੁਹਿੰਮ ਤਹਿਤ ਸੇਵਾ ਨਿਭਾਉਣ ਲਈ ਨਗਰ ਕੌਂਸਲ ਦੇ ਕਰਮਚਾਰੀਆਂ ਸਮੇਤ ਸਮਾਜਿਕ ਸੰਸਥਾਵਾਂ ਨੇ ਹਿੱਸਾ ਲਿਆ। ਜਿਸ ਵਿੱਚ ਸ਼੍ਰੀਮਤੀ ਸੁਹਿੰਦਰ ਕੌਰ, ਸੁਨੈਨਾ ਰੰਧਾਵਾ ਬਲਾਕ ਪ੍ਰਧਾਨ ਮਹਿਲਾ ਵਿੰਗ, ਸਰਬਜੀਤ ਸਿੰਘ ਡਿੰਪੀ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ, ਪ੍ਰਵੀਨ ਕੌਰ, ਨਵਨੀਤ ਕੌਰ, ਅਨਿਲ ਸੂਰੀ, ਤੇਜਦੀਪ ਸਿੰਘ ਬਿੱਟੂ ਆਗੂ ਆਮ ਆਦਮੀ ਪਾਰਟੀ, ਦਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਡਰਾਫ਼ਟਮੈਨ ਨਗਰ ਕੌਂਸਲ ਜੰਡਿਆਲਾ ਗੁਰੂ, ਗੁਰਦ੍ਰਸ਼ਨਪ੍ਰੀਤ ਸਿੰਘ ਨਗਰ ਕੌਂਸਲ ਜੰਡਿਆਲਾ ਗੁਰੂ, ਆਮਿਰ ਖ਼ਾਨ ਹਰਸੁਖ ਇਸਟੇਟ, ਪ੍ਰੋ. ਹਰੀ ਸਿੰਘ, ਕਮਲਜੀਤ ਸਿੰਘ ਸੇਖੋਂ ਰਈਆ, ਦਿਨੇਸ਼ ਬਜਾਜ, ਵਿਸ਼ੇਸ਼ ਤੌਰ 'ਤੇ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਇੱਕ ਨਜ਼ਰ



ਪਿੰਡ ਖੱਬੇਰਾਜਪੂਤਾਂ ਵਿਖੇ ਨੌਜਵਾਨਾਂ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ।ਇਸ ਮੌਕੇ ਗੁਰਵਿੰਦਰ ਸਿੰਘ ਬੱਲ ਪ੍ਰਧਾਨ ਸਪੋਰਟਸ ਕਲੱਬ ਖੱਬੇਰਾਜਪੂਤਾਂ , ਜਥੇਦਾਰ ਸੁੱਚਾ ਸਿੰਘ, ਇੰਜਂ. ਸਰਬਜੀਤ ਸਿੰਘ, ਰਣਜੀਤ ਸਿੰਘ, ਜੁਗਰਾਜ ਸਿੰਘ, ਜਸਵਿੰਦਰ ਸਿੰਘ, ਹਰਮਨ ਸਿੰਘ ਆਦਿ ਹਾਜ਼ਰ ਸਨ।

**ਫੋਟੋ ਅਤੇ ਵੇਰਵਾ: ਬਾਬਾ ਸੁਖਵੰਤ ਸਿੰਘ ਚੰਨਣਕੇ ਚੌਂਕ ਮਹਿਤਾ**



ਵਾਤਾਵਰਣ ਨੂੰ ਹਰਾ ਭਰਾ ਰੱਖਣ ਦੇ ਮਨੋਰਥ ਤਹਿਤ ਕਸਬੇ ਦੀ ਮਹਿਤਾ ਰੋਡ ਵਿਖੇ ਰੁੱਖ ਲਗਾਉਣ ਮੌਕੇ ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ ਮੰਨਾ,ਹਰਗੋਪਾਲ ਸਿੰਘ ਰੰਧਾਵਾ,ਗੁਰਦੇਵ ਸਿੰਘ ਬੱਬੂ,ਪ੍ਰਧਾਨ ਕੇਵਲ ਸਿੰਘ,ਸੁਰਜੀਤ ਸਿੰਘ ਮੋਬਾਇਲ ਵਾਲਾ,ਜਤਿੰਦਰ ਸਿੰਘ ਰੰਧਾਵਾ,ਸੁਰਜੀਤ ਸਿੰਘ ਨੰਗਲੀ, ਪ੍ਰਗਟ ਸਿੰਘ ਦਰਜ਼ੀ ਤੇ ਹੋਰ।

**ਫੋਟੋ ਅਤੇ ਵੇਰਵਾ: ਬਾਬਾ ਸੁਖਵੰਤ ਸਿੰਘ ਚੰਨਣਕੇ ਚੌਂਕ ਮਹਿਤਾ**

## ਆਪ ਆਗੂ ਗੁਰਮੇਲ ਸਿੰਘ ਘਨੌਰੀ ਅਤੇ ਕੁਲਵੰਤ ਸਿੰਘ ਘਨੌਰੀ ਨੇ ਮਹਿੰਦਰ ਭਗਤ ਦੇ ਹੱਕ ਕੀਤਾ ਡੋਰ ਟੂ ਡੋਰ

### ਜਲੰਧਰ ਪੱਛਮੀ ਦੇ ਲੋਕ ਮਹਿੰਦਰ ਭਗਤ ਨੂੰ ਵੱਡੇ ਮਾਰਜਨ ਨਾਲ ਜਿੱਤਾਉਣਗੇ



ਜਲੰਧਰ , 6 ਜੁਲਾਈ (ਰਣਜੀਤ ਸਿੰਘ ਪੇਧਨੀ)- ਪੰਜਾਬ ਸਰਕਾਰ ਲੋਕ ਭਲਾਈ ਦੇ ਕਾਰਜਾਂ ਵਿੱਚ ਜ਼ੋਰ-ਸ਼ੋਰ ਨਾਲ ਲੱਗੀ ਹੋਈ ਹੈ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸੂਬੇ ਦੇ ਵਿਕਾਸ ਦੇ ਲਈ ਦਿਨ ਰਾਤ ਚਿੰਤਿਤ ਰਹਿੰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਘਨੌਰੀ ਕਲਾਂ ਇਕਾਈ ਪ੍ਰਧਾਨ ਗੁਰਮੇਲ ਸਿੰਘ ਘਨੌਰੀ ਅਤੇ ਆਪ ਆਗੂ ਮਾ, ਕੁਲਵੰਤ ਸਿੰਘ ਘਨੌਰੀ ਕਲਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਵਾਰ ਜਲੰਧਰ ਪੱਛਮੀ ਦੇ ਲੋਕ ਆਪ ਦੇ ਉਮੀਦਵਾਰ ਮਹਿੰਦਰ ਭਗਤ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ। ਉਨ੍ਹਾਂ ਕਿਹਾ ਕਿ ਆਦਮੀ ਪਾਰਟੀ ਦੀ ਸਰਕਾਰ ਨੇ ਲੰਮੇ ਸਮੇਂ ਤੋਂ ਬੰਦ ਪਏ ਸੁਏ ਚਾਲੂ ਕਰਵਾਉਣ, ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ, ਮੁਹੱਲਾ ਕਲੀਨਿਕ, ਸਕੂਲ ਆਫ ਐਮੀਨੈਂਸ, ਔਰਤਾਂ ਨੂੰ ਮੁਫ਼ਤ ਬੱਸ ਸਫ਼ਰ, ਘਰ-ਘਰ ਰਾਸ਼ਨ, 43000 ਤੋਂ ਵੱਧ ਸਰਕਾਰੀ ਨੌਕਰੀਆਂ ਦੀ ਭਰਤੀ, ਫਰਿਸ਼ਤੇ ਸਕੀਮ, ਸੜਕ ਸੁਰੱਖਿਆ ਫੋਰਸ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਖੇਡ ਨਰਸਰੀਆਂ ਦੀ ਸਥਾਪਨਾ ਕਰਨ ਤੋਂ ਇਲਾਵਾ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਕਾਰ ਨੇ ਪੰਜਾਬ 'ਚ ਨਵੀਂ ਇੰਡਸਟਰੀ ਲਗਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

## ਜਲੰਧਰ ਪੱਛਮੀ 10 ਜੁਲਾਈ ਨੂੰ ਦੇ ਭਗਵੰਤ ਮਾਨ ਦੇ ਕੰਮਾਂ ਤੇ ਮੋਹਰ ਲਾਉਣਗੇ ਭੈਣ ਮਨਪ੍ਰੀਤ ਕੌਰ ਮਾਨ

ਜਲੰਧਰ, 6 ਜੁਲਾਈ ( ਰਣਜੀਤ ਸਿੰਘ ਪੇਧਨੀ)- ਵਿਧਾਨ ਸਭਾ ਹਲਕੇ ਜਲੰਧਰ ਪੱਛਮੀ ਦੀ ਹੋ ਰਹੀ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਵੱਡੇ ਫਰਕ ਨਾਲ ਜਿੱਤ ਹੋਣੀ ਪੱਕੀ ਹੈ ਕਿਉਕਿ ਲੋਕ ਆਪ ਦੀਆਂ ਲੋਕ ਪੱਖੀ ਨੀਤੀਆ ਤੋ ਪ੍ਰਭਾਵਿਤ ਹਨ ਇਹਨਾ ਵਿਚਾਰਾਂ ਦਾ ਪ੍ਰਗਟਾਵਾ ਦਾ ਪ੍ਰਗਟਾਵਾ ਮਨਪ੍ਰੀਤ ਕੌਰ



ਭੈਣ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਕੀਤਾ।ਜਲੰਧਰ ਦੇ ਲੋਕ ਕਾਂਗਰਸ ਪਾਰਟੀ ਤੇ ਭਾਜਪਾ ਦੇ ਉਮੀਦਵਾਰਾ ਨੂੰ ਲੋਕ ਚੰਗੀ ਤਰਾਂ ਜਾਣਦੇ ਹਨ। ਜਲੰਧਰ ਪੱਛਮੀ ਤੋਂ ਆਪ ਉਮੀਦਵਾਰ ਨੂੰ ਜਿੱਤਣਾ ਬਹੁਤ ਜਰੂਰੀ ਹੈ ਕਿਉਕਿ ਆਪ ਦੀ ਅਗਵਾਈ ਵਾਲੀ ਸਰਕਾਰ ਵੱਲੋ ਦਿੱਤੀਆ ਜਾ ਰਹੀਆ ਸਹੂਲਤਾ ਤੋ ਲੋਕ ਖੁਸ ਹਨ ।ਉਨ੍ਹਾਂ ਕਿਹਾ ਕਿ ਆਪ ਦੇ ਉਮੀਦਵਾਰ ਮਹਿੰਦਰ ਭਗਤ ਇੱਕ ਸਾਫ ਸੁਥਰੀ ਸਵੀ ਮਾਲਕ ਹਨ ਉਹਨਾ ਦਾ ਪਰਿਵਾਰ ਦੁਆਬੇ ਦੀ ਰਾਜਨੀਤੀ ਵਿੱਚ ਵੱਖਰੀ ਪਛਾਣ ਰੱਖਦਾ ਹੈ ਉਹਨਾ ਦੇ ਹੱਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾ ਦੀ ਧਰਮਪਤਨੀ ਡਾਕਟਰ ਗੁਰਪ੍ਰੀਤ ਕੌਰ ਮਾਨ ਦੇ ਵੱਲੋਂ ਮੀਟਿੰਗਾ ਦਾ ਸਿਲਸਿਲਾ ਜਾਰੀ ਹੈ। ਪੰਜਾਬ ਦੇ ਮੁੱਖ ਮੰਤਰੀ ਸ,ਭਗਵੰਤ ਸਿੰਘ ਮਾਨ ਵਿਕਾਸ ਨੂੰ ਤਰਜੀਹ ਦੇ ਰਹੇ ਹਨ। ਮਹਿੰਦਰ ਭਗਤ ਦੇ ਵਿਧਾਇਕ ਬਣਨ ਨਾਲ ਜਲੰਧਰ ਪੱਛਮੀ ਦਾ ਚੁੰਹਪੱਖੀ ਵਿਕਾਸ ਹੋਵੇਗਾ। ਇਸ ਮੌਕੇ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ, ਆਪ ਆਗੂ ਪਰਮਜੀਤ ਸਿੰਘ ਕਾਂਝਲਾ, ਆਪ ਆਗੂ ਰਣਜੋਧ ਸਿੰਘ ਕਾਂਝਲਾ ਪ੍ਰਮੁੱਖ ਉਮੀਦਵਾਰ ਜਿਲ੍ਹਾ ਪ੍ਰੀਸ਼ਦ ਜੋਨ ਬੇਨੜਾ, ਨਰਪਿੰਦਰ ਸਿੰਘ , ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਭਿੰਦਾ ਵਿਰਕ, ਆਪ ਆਗੂ ਰਣਜੀਤ ਸਿੰਘ ਧੰਦੀਵਾਲ ਹਾਜ਼ਰ ਸਨ।

### ਡੀ.ਟੀ.ਐੱਫ. ਵਲੋਂ ਵਿਦਿਆਰਥੀਆਂ ਦੀ ਵਰਦੀ ਲਈ ਜਾਰੀ ਕੀਤੀ ਰਾਸ਼ੀ ਵਿੱਚ ਵਾਧਾ ਕਰਨ ਦੀ ਮੰਗ

## ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਹੀ ਸੈਸ਼ਨ ਦੀਆਂ ਦੋ-ਦੋ ਵਰਦੀਆਂ ਦਿੱਤੀਆਂ ਜਾਣ

**ਆਗੂਆਂ ਨੇ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਰਗਾਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ, ਸਰਦੀ ਅਤੇ ਗਰਮੀ ਲਈ ਵੱਖਰੀ-ਵੱਖਰੀ ਮੁਫਤ ਵਰਦੀਆਂ ਮੁਹੱਈਆ ਕਰਵਾਉਣ ਅਤੇ.....**



ਹੁਸ਼ਿਆਰਪੁਰ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਪਹਿਲੀ ਤੋਂ ਅੱਠਵੀਂ ਜਮਾਤਾਂ ਦੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਲੜਕਿਆਂ ਦੀ ਵਰਦੀ ਲਈ ਪ੍ਰਤੀ ਵਿਦਿਆਰਥੀ ਮਹਿਜ਼ 600 ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਉਨ੍ਹਾਂ ਵਿੱਚੋਂ ਵੀ ਜਰਨਲ, ਪਿਛੜੀਆਂ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਿਤ ਲੜਕਿਆਂ ਦੀ ਵਰਦੀ ਲਈ ਕੋਈ ਰਾਸ਼ੀ ਜਾਰੀ ਨਹੀਂ ਕੀਤੀ। ਇਸ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ (ਡੀ.ਟੀ.ਐਫ.) ਵੱਲੋਂ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਤੱਕ ਦੇ ਸਾਰੇ ਵਰਗਾਂ ਦੇ ਹੀ ਵਿਦਿਆਰਥੀਆਂ ਲਈ ਵਰਦੀ ਰਾਸ਼ੀ ਵਿੱਚ ਢੁੱਕਵਾਂ ਵਾਧਾ ਕਰਦਿਆਂ ਹਰੇਕ ਸੈਸ਼ਨ ਲਈ ਘੱਟੋ ਘੱਟ ਦੋ ਸੈੱਟ ਵਰਦੀਆਂ ਦੇ ਮੁਫ਼ਤ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਗੁਜਰਾਤੀ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ ਨੇ ਬੱਚਿਆਂ ਨੂੰ ਮਿਲਣ ਵਾਲੀ ਨਿਗੂਣੀ ਵਰਦੀ ਰਾਸ਼ੀ ਪ੍ਰਤੀ ਸਵਾਲ ਚੁਕਦੇ ਹੋਏ ਕਿਹਾ, ਕਿ ਅੱਜ ਜਦੋਂ ਬਜ਼ਾਰ ਵਿੱਚ ਹਰ ਚੀਜ਼ ਮਹਿੰਗਾਈ ਦੀ ਮਾਰ ਹੇਠਾ ਹੈ ਤਾਂ ਉਸ ਦੌਰ ਚ ਮਹਿਜ 600 ਰੁਪਏ ਵਿੱਚ ਵਿਦਿਆਰਥੀਆਂ ਨੂੰ ਵਰਦੀ ਦੇ ਸਾਰੇ ਨਗ ਚੰਗੀ ਗੁਣਵੱਤਾ ਅਨੁਸਾਰ ਪੂਰੇ ਕਰਨੇ ਬਹੁਤ ਮੁਸ਼ਿਕਲ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਸਿੱਖਿਆ ਦੇ ਖੇਤਰ ਨੂੰ ਤਰਜੀਹ ਦੇਣ ਦਾ ਕੇਵਲ ਫੋਕਾ ਦਾਅਵਾ ਕਰਦੀ ਹੀ ਨਜ਼ਰ ਆ ਰਹੀ ਹੈ। ਇਸੇ ਕਰਕੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਅਤੇ ਮਿਆਰੀ ਵਰਦੀ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਨਹੀਂ ਨਿਭਾਈ ਜਾ ਰਹੀ ਹੈ। ਡੀ.ਟੀ.ਐਫ. ਆਗੂਆਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜਨ ਵਾਲੇ ਜਰਨਲ ਅਤੇ ਪਿਛੜੀਆਂ ਜਾਤੀਆਂ ਦੇ ਲੜਕੇ ਵੀ ਵਰਦੀ ਲੈਣ ਦੇ ਪੂਰੇ ਹੱਕਦਾਰ ਹਨ। ਕਿਉਂਕਿ ਇਹ ਤੱਥ ਹੈ ਕਿ, ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਜ਼ਿਆਦਾਤਰ ਵਿਦਿਆਰਥੀ ਕਮਜ਼ੋਰ ਆਰਥਿਕਤਾ ਵਾਲੇ ਪਰਿਵਾਰਾਂ ਨਾਲ ਸਬੰਧਤ ਹਨ। ਆਗੂਆਂ ਨੇ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਰਗਾਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ, ਸਰਦੀ ਅਤੇ ਗਰਮੀ ਲਈ ਵੱਖਰੀ-ਵੱਖਰੀ ਮੁਫਤ ਵਰਦੀਆਂ ਮੁਹੱਈਆ ਕਰਵਾਉਣ ਅਤੇ ਵਰਦੀ ਗਰਾਂਟ ਵਿੱਚ ਵੀ ਢੁੱਕਵਾਂ ਵਾਧਾ ਕਰਨ ਦੀ ਮੰਗ ਪੰਜਾਬ ਸਰਕਾਰ ਤੋਂ ਕੀਤੀ ਹੈ। ਇਸ ਮੌਕੇ ਬਲਜੀਤ ਸਿੰਘ ਮਹਿਮੋਵਾਲ, ਨੰਦ ਰਾਮ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਰਜਿੰਦਰ ਸਿੰਘ ਹੇਜਮਾਂ, ਮਨਜੀਤ ਸਿੰਘ ਬਾਬਾ, ਪ੍ਰਵੀਨ ਸ਼ੇਰਪੁਰ, ਸੋਮ ਪਾਲ, ਜਸਮੀਤ ਸਿੰਘ ਮਠਾਰੂ, ਬਲਬੀਰ ਸਿੰਘ ਧਾਮੀ, ਬਲਜਿੰਦਰ ਸਹੋਤਾ, ਗੁਰਪਾਲ ਸਿੰਘ, ਅਸ਼ਨੀ ਕੁਮਾਰ, ਸੰਦੀਪ ਸਿੰਘ ਲਾਂਬੜਾ, ਵਰਿੰਦਰ ਸ਼ਾਹਬਾਜ਼ਪੁਰ, ਮਨਜੀਤ ਸਿੰਘ ਸੈਣੀ, ਬਲਰਾਜ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ, ਗੁਰਜਿੰਦਰ ਸਿੰਘ ਮੰਝਪੁਰ, ਬਲਕਾਰ ਸਿੰਘ ਪੁਰੀਕਾ, ਹਰਿੰਦਰ ਸਿੰਘ, ਕਰਨੈਲ ਸਿੰਘ, ਜਸਵਿੰਦਰ ਝਿੰਗੜ, ਪ੍ਰਵੀਨ ਕੁਮਾਰ ਅਤੇ ਨਿਰਮਲ ਸਿੰਘ ਨਿਹਲਪੁਰ ਆਦਿ ਆਗੂ ਵੀ ਹਾਜ਼ਰ ਸਨ।

### ਕੈਬਨਿਟ ਮੰਤਰੀ ਜਿੰਪਾ ਨੇ 'ਵੋਇਸ ਫਾਰ ਵੋਇਸਲੈੱਸ' ਸੰਸਥਾ ਨੂੰ ਦਿੱਤਾ ਤਿੰਨ ਲੱਖ ਰੁਪਏ ਦਾ ਚੈੱਕ

## ਬੇਜ਼ੁਬਾਨ ਜਾਨਵਰਾਂ ਦਾ ਇਲਾਜ ਤੇ ਸੁਰੱਖਿਆ ਕਰਕੇ ਰੱਬੀ ਕੰਮ ਕਰ ਰਹੀ ਹੈ ਸੰਸਥਾ:ਜਿੰਪਾ



ਹੁਸ਼ਿਆਰਪੁਰ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਅਧਿਕਾਰਤ ਫੰਡ ਤੋਂ ਵੋਇਸ ਫਾਰ ਵੋਇਸਲੈੱਸ ਸੰਸਥਾ ਨੂੰ ਤਿੰਨ ਲੱਖ ਰੁਪਏ ਦਾ ਚੈੱਕ ਸੌਂਪਦਿਆਂ ਕਿਹਾ ਕਿ ਬੇਜ਼ੁਬਾਨ ਜਾਨਵਰਾਂ ਦਾ ਇਲਾਜ ਅਤੇ ਸੁਰੱਖਿਆ ਕਰਕੇ ਇਹ ਸੰਸਥਾ ਰੱਬੀ ਕੰਮ ਕਰ ਰਹੀ ਹੈ, ਜਿਸ ਲਈ ਇਸ ਸੰਸਥਾ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਘੱਟ ਹੈ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਵੋਇਸਲੈੱਸ ਸੈਕੰਡ ਇਨਿੰਗ ਹੋਮ ਦੇ ਵਲੰਟੀਅਰ ਸ਼ਹਿਰ ਵਿਚ ਜ਼ਖਮੀ ਪਸ਼ੂਆਂ, ਗਾਵਾਂ, ਬਲਦਾਂ, ਕੁੱਤਿਆਂ, ਬਿੱਲੀਆਂ ਆਦਿ ਦੇ ਇਲਾਜ ਵਿਚ ਕਾਫੀ ਸਰਗਰਮੀ ਨਾਲ ਯੋਗਦਾਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਬੇਜ਼ੁਬਾਨ ਜਾਨਵਰਾਂ ਲਈ ਅੱਗੇ ਆ ਕੇ ਸੰਸਥਾ ਨੇ ਇਕ ਮਿਸਾਲ ਕਾਇਮ ਕੀਤੀ ਹੈ ਜੋ ਕਿ ਹੋਰਨਾਂ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਕੰਮ ਲਈ ਪ੍ਰੇਰਿਤ ਕਰੇਗੀ। ਕੈਬਨਿਟ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਸਮਾਜ ਹਿੱਤ ਦੇ ਹਰ ਕਾਰਜ ਲਈ ਵੱਧ-ਚੜ੍ਹ ਕੇ ਯੋਗਦਾਨ ਦੇਣ ਲਈ ਵਚਨਬੱਧ ਹੈ ਅਤੇ ਇਸ ਤਰ੍ਹਾਂ ਦੇ ਕੰਮਾਂ ਨੂੰ ਨਿਰੰਤਰ ਉਤਸ਼ਾਹਿਤ ਵੀ ਕਰੇਗੀ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜ਼ਖਮੀ ਪਸ਼ੂਆਂ ਦੇ ਇਲਾਜ ਲਈ ਜ਼ਰੂਰ ਅੱਗੇ ਆਉਣ ਅਤੇ ਜਿੰਨਾ ਹੋ ਸਕੇ ਆਪਣਾ ਸਹਿਯੋਗ ਜ਼ਰੂਰ ਕਰਨ, ਕਿਉਂਕਿ ਬੇਜ਼ੁਬਾਨਾਂ ਦੀ ਮਦਦ ਕਰਨਾ ਸਭ ਤੋਂ ਪੁੰਨ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਪਸ਼ੂਆਂ 'ਤੇ ਕਿਸੇ ਵੀ ਤਰ੍ਹਾਂ ਦਾ ਅੱਤਿਆਚਾਰ ਨਾ ਕੀਤਾ ਜਾਵੇ। ਇਸ ਮੌਕੇ ਸੰਸਥਾ ਦੇ ਪ੍ਰਧਾਨ ਨਵੀਨ ਗਰੋਵਰ, ਜਤਿੰਦਰ ਨਾਗਰ, ਪਾਰਸ, ਰਸ਼ਿਮ, ਡਾ.ਪ੍ਰਦੀਪ, ਵਿਜੇ, ਸੰਜੀਵ ਜੋਸ਼ੀ, ਇੰਦਰਜੀਤ, ਨਵਜੋਤ ਰਘੂ, ਈਸ਼ਾਨ, ਦੀਪ ਕਮਲ, ਓਮ ਪ੍ਰਕਾਸ਼, ਮੋਨਿਕਾ ਜੋਸ਼ੀ, ਸੰਜੀਵ ਗਰੋਵਰ, ਰੋਮਾ, ਸ਼ੇਫਾਲੀ, ਅੰਜਲੀ, ਹਰਵਿੰਦਰ ਕੌਰ, ਸਾਹਿਲ ਤੇ ਕਰਨ ਵੀ ਮੌਜੂਦ ਸਨ।

## ਪੀਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਵਿਸ਼ਵ ਜੂਨੋਸਿਸ ਦਿਵਸ ਮਨਾਇਆ






ਹੁਸ਼ਿਆਰਪੁਰ, 6 ਜੁਲਾਈ (ਆਵਾਜ਼ਿ ਕੌਮ ਬਿਊਰੋ)- ਸਰਦਾਰ ਗੁਰਮੀਤ ਸਿੰਘ ਖੁੱਡੀਆਂ ਮਾਨਯੋਗ ਕੈਬਨਿਟ ਮੰਤਰੀ ਪਸ਼ੂ ਪਾਲਣ ,ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਕੋਮਲ ਮਿੱਤਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਪਸ਼ੂ ਪਾਲਣ ਵਿਭਾਗ ਅਤੇ ਸਿਹਤ ਵਿਭਾਗ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਪੀਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਈ ਵਿੱਚ ਡਾਕਟਰ ਹਰੁਨ ਰਤਨ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੀ ਅਗਵਾਈ ਵਿੱਚ ਵਿਸ਼ਵ ਜੂਨੋਸਿਸ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਰੰਜੂ ਦੁੱਗਲ ਨੇ ਡਾਕਟਰਾਂ ਦੀ ਟੀਮ ਦਾ ਸਵਾਗਤ ਕੀਤਾ। ਡਾਕਟਰ ਹਰੁਨ ਰਤਨ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਇਹ ਦਿਨ ਪਸ਼ੂਆਂ ਤੋਂ ਇਨਸਾਨਾਂ ਅਤੇ ਇਨਸਾਨਾਂ ਤੋਂ ਪਸ਼ੂਆਂ ਵਿੱਚ ਫੈਲਦੀਆਂ ਬਿਮਾਰੀਆਂ ਬਾਰੇ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਫੈਲਣ ਦੇ ਕਾਰਨਾਂ ,ਇਲਾਜ ਅਤੇ ਬਚਾਅ ਸਬੰਧੀ ਵਿਦਿਆਰਥੀਆਂ ਨਾਲ ਵਿਸਥਾਰ ਵਿੱਚ ਵਿਚਾਰ ਸਾਂਝੇ ਕੀਤੇ।ਡਾਕਟਰ ਅਵਤਾਰ ਸਿੰਘ ਏਡੀਏਪੀ ਡਾਕਟਰ ਗੁਰਦੀਪ ਸਿੰਘ, ਸੀਨੀਅਰ ਵੈਟਰਨਰੀ ਅਫਸਰ ਡਾਕਟਰ ਹਰਜੋਧ ਸਿੰਘ, ਸੀਨੀਅਰ ਵੈਟਰਨਰੀ ਇੰਸਪੈਕਟਰ,ਡਾਕਟਰ ਸਰਬਜੀਤ ਸਿੰਘ ਮੈਡੀਕਲ ਅਫਸਰ ਡਾਕਟਰ ਬਲਜੀਤ ਕੌਰ ਮੈਡੀਕਲ ਅਫਸਰ ਕੰਤਾ ਨਰਸਿੰਗ ਅਫਸਰ ਸਿਹਤ ਵਿਭਾਗ ਹਾਰਟਾ ਬਡਲਾ ਨੇ ਜੂਨੋਸਿਸ ਬਿਮਾਰੀਆਂ ਦੇ ਵੱਖ ਵੱਖ ਪਹਿਲੂਆਂ ਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਮਾਹਰਾਂ ਦੀ ਇਸ ਟੀਮ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸੰਤੋਸ਼ ਕੁਮਾਰੀ ਨੇਗੀ, ਵਾਈਸ ਪ੍ਰਿੰਸੀਪਲ ਨੇ ਮਾਹਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਵਿਦਿਆਰਥੀ, ਅਧਿਆਪਕ ਸੰਜੀਵ ਕੁਮਾਰ ਸੀਤਾਰਾਮ ਬਾਂਸਲ, ਰਜਿੰਦਰ ਕੌਰ ਸਟਾਫ ਨਰਸ, ਗਊ ਸੇਵਕ ਲਕਸ਼ਮੀ ਨਰਾਇਣ ਸ਼ਰਮਾ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243